# ਤਾਮਰ ਪੱਤਰ

(ਇਹ ਨਾਟਕ ਬੰਗਾਲੀ ਭਾਸ਼ਾ ਦੇ ਇਸੇ ਨਾਮ ਦੀ ਕਹਾਣੀ 'ਤੇ ਅਧਾਰਤ ਹੈ।)

ਥਾਂ : ਇਕ ਨੀਵੀਂ ਮੱਧ ਸ਼੍ਰੇਣੀ ਦੇ ਘਰ ਦਾ ਕਮਰਾ – ਇਕ ਪਾਸੇ ਬਾਹਰ ਜਾਣ ਦਾ ਦਰਵਾਜ਼ਾ ਹੈ – ਦੂਜੇ ਪਾਸੇ ਕਿਚਨ ਹੈ।

(ਮੰਚ 'ਤੇ ਰੋਸ਼ਨੀ ਹੁੰਦੀ ਹੈ ਤੇ ਬਜ਼ੁਰਗ ਕੁਝ ਕਿਤਾਬਾਂ ਦੀ ਜਿਲਦ ਕਰਦਾ ਦਿਸਦਾ ਹੈ। ਕਾਗਜ਼, ਲੇਵੀ, ਕੈਂਚੀ, ਸੂਈ, ਧਾਗਾ ਆਦਿਕ ਉਹਦੇ ਕੋਲ ਪਏ ਹਨ। ਇਹ ਇਕ ਜਿਲਦਸਾਜ਼ ਦੇ ਅੱਡੇ ਵਾਲਾ ਸਾਰਾ ਸਾਜ਼ੋ ਸਾਮਾਨ ਹੈ।)

ਬੀਬੀ : (ਆਉਂਦੇ ਹੋਏ) ਹੁਣ ਬਸ ਵੀ ਕਰੋ, ਉਤੋਂ ਰਾਤ ਏਨੀ ਹੋ ਗਈ ਏ, ਅੱਖਾਂ ਜੇ ਬਿਲਕੁਲ ਅੰਨ੍ਹੀਆਂ ਹੋ ਗਈਆਂ ਤਾਂ ਹੀ ਬਸ ਕਰੋਗੇ ?

ਭਾਪਾ ਜੀ : ਬਸ ਥੋੜਾ ਕੰਮ ਰਹਿ ਗਿਆ ਏ। ਇਹ ਜਿਲਦਾਂ ਕਲ੍ਹ ਦੇਣੀਆਂ ਨੇ, ਪੈਸੇ ਐਡਵਾਂਸ ਲਏ ਨੇ, ਜੇ ਸਮੇਂ ਸਿਰ ਕੰਮ ਨਾ ਦਿੱਤਾ ਤਾਂ ਫੇਰ ਅਗੋਂ ਤੋਂ ਨਹੀਂ ਮਿਲਣ ਲਗਾ। ਹਾਂ ਬਿੰਦਰ ਆਇਆ ਕਿ ਨਹੀਂ ?

ਬੀਜੀ : ਹਾਲੇ ਨਹੀਂ ਆਇਆ। ਨਾਲੇ ਹਾਲੇ ਕਿਹੜਾ ਦੇਰ ਹੋ ਗਈ ਏ ?

ਭਾਪਾ ਜੀ : ਮੇਰੀ ਵਾਰੀ ਹੁਣ ਤਾਂ ਕਹਿ ਰਹੀ ਸੇ, ਉਤੋਂ ਰਾਤ ਏਨੀ ਹੋ ਗਈ ਏ, ਤੇ ਉਹਦੀ ਵਾਰੀ ਕਿਹੜਾ ਦੇਰ ਹੋ ਗਈ ਏ – ਉਹਨੂੰ ਆਖਿਆ ਕਰ ਜਲਦੀ ਆ ਜਾਇਆ ਕਰੇ, ਉਤੋਂ ਰਾਤ ਏਨੀ ਹੋ ਗਈ ਏ।

ਬੀਜੀ : ਸਾਰਾ ਦਿਨ ਕੰਮ ਦੀ ਭਾਲ ਵਿਚ ਪਤਾ ਨਹੀਂ ਕਿਥੇ ਕਿਥੇ ਧੱਕੇ ਖਾਂਦਾ ਰਹਿੰਦਾ ਏ, ਉਹਦੀ ਸਫਾਰਸ਼ ਵੀ ਵਿਚਾਰੇ ਦੀ ਕੋਈ ਨਹੀਂ।

ਭਾਪਾ ਜੀ : ਜਦੋਂ ਮੈਂ ਉਹਦੀ ਉਮਰ ਵਿਚ ਸਾਂ, ਮੇਰੀ ਵੀ ਕੋਈ ਸਫਾਰਸ਼ ਨਹੀਂ ਸੀ। ਬੰਦੇ ਨੂੰ ਆਪਣੀ ਥਾਂ ਆਪ ਬਨਾਉਣੀ ਪੈਂਦੀ ਏ।

ਬੀਜੀ : ਤੁਹਾਡੇ ਸਮੇਂ ਹੋਰ ਸਨ। ਹੁਣ ਤਾਂ ਉਹ ਦਸਦਾ ਸੀ ਹਰ ਥਾਂ ਸਫਾਰਸ਼ ਹੀ ਪ੍ਰਧਾਨ ਏ।

ਭਾਪਾ ਜੀ : ਤੇ ਜਿਹੜੀ ਗੱਲ ਮੈਂ ਦਸਦਾ ਹਾਂ, ਉਹ ਇਹ ਵੇ ਕਿ ਬੰਦੇ ਨੂੰ ਆਪਣੇ ਪੈਰਾਂ 'ਤੇ ਖਲੋਣਾ ਆਉਣਾ ਚਾਹੀਦਾ ਏ।

ਬੀਜੀ : ਤੁਸੀਂ ਤਾਂ ਬੜੀਆਂ ਗੱਲਾਂ ਦਸਦੇ ਹੋ ਪਰ ਤੁਹਾਡੇ ਦੱਸਣ 'ਤੇ ਦੁਨੀਆਂ ਨਹੀਂ ਪਈ ਚਲਦੀ, ਤੁਸੀਂ ਸਾਰੀ ਉਮਰ ਦਸਦੇ ਹੀ ਰਹੇ, ਜੇ ਇਸ ਦੱਸਣ ਨਾਲੋਂ ਕੋਈ ਔੜ ਪੌੜ ਕਰਦੇ ਤਾਂ ਇਸ ਉਮਰ ਵਿਚ ਇਹ ਕਿਤਾਬਾਂ ਨਾ ਸੀਂਦੇ।

ਭਾਪਾ ਜੀ : ਇਹ ਕਿਤਾਬਾਂ ਦੀ ਜਿਲਦ ਕਰਨੀ ਕੋਈ ਮਾੜਾ ਕੰਮ ਨਹੀਂ, ਹੱਕ

ਹਲਾਲ ਦੀ ਕਮਾਈ ਏ।

ਬੀਜੀ : (ਅਨਸੁਣੀ ਕਰਕੇ) ਤੁਸੀਂ ਨਾ ਆਪਣਾ ਕੁਝ ਬਣਾਇਆ ਤੇ ਨਾ ਹੁਣ ਬਿੰਦਰ ਦਾ ਕੁਝ ਬਣੇਗਾ। ਹਾਂ ਹੁਣ ਤੁਸੀਂ ਮੈਨੂੰ ਨਾ ਦਸੋ, ਮੈਂ ਤੁਹਾਨੂੰ ਦਸਦੀ ਹਾਂ।

ਭਾਪਾ ਜੀ : ਕੀ ਦਸਦੀ ਏਂ ?

ਬੀਜੀ : ਜੋ ਮੈਂ ਗਵਾਂਢਣਾਂ ਕੋਲੋਂ ਸੁਣਕੇ ਆਈ ਹਾਂ।

ਭਾਪਾ ਜੀ : ਗਵਾਂਢਣਾਂ ਕੋਲੋਂ ਕੀ ਸੁਣ ਆਈ ਏਂ ? ਇਹੋ ਨਾ ਕਿ ਪਾਕਿਸਤਾਨ ਨਾਲ ਜੰਗ ਹੋਣ ਵਾਲੀ ਏ। ਨਾਲ ਦੇ ਮੁਹੱਲੇ ਕੀਰਤਨ ਦਰਬਾਰ ਏ। ਚੌਧਰੀਆਂ ਦੇ ਘਰ ਕੋਈ ਸਵਾਮੀ ਜੀ ਆਏ ਹੋਏ ਨੇ। ਇਹ ਜੰਗ ਵੀ ਹੁੰਦੀ ਰਹਿੰਦੀ ਏ, ਕੀਰਤਨ ਦਰਬਾਰ ਵੀ ਹੁੰਦੇ ਰਹਿੰਦੇ ਨੇ, ਸਵਾਮੀ ਵੀ ਰੋਜ਼ ਆਂਦੇ ਰਹਿੰਦੇ ਨੇ। ਕੋਈ ਨਵੀਂ ਗੱਲ ਹੋਏ ਤਾਂ ਦਸ।

ਬੀਜੀ : ਇਹੋ ਤਾਂ ਦਸਨ ਲਗੀ ਹਾਂ ਕਿ ਖੰਡ ਦਾ ਰਾਸ਼ਨ ਐਤਕੀ ਇਕ ਪਾ ਹਰ ਇਕ ਜਣੇ ਦਾ ਵੱਧ ਮਿਲਣਾ ਏ।

ਭਾਪਾ ਜੀ : ਵੱਧ ਮਿਲੇਗਾ ਤਾਂ ਮੈਂ ਲੈ ਆਵਾਂਗਾ, ਹੋਰ ?

ਬੀਜੀ : ਹੋਰ ਇਹ ਵੇ ਕਿ ਸਸਤਾ ਕਪੜਾ ਵੀ ਡੀਪੂ ’ਤੇ ਆਇਆ ਹੋਇਆ ਏ।

ਭਾਪਾ ਜੀ : ਪੈਸੇ ਹੋਏ ਤਾਂ ਉਹ ਵੀ ਲੈ ਆਵਾਂਗਾ।

ਬੀਜੀ : ਬਸ ਤੁਹਾਡੀ ਹਰ ਗੱਲ ਤਾਂ ਇਥੇ ਆਕੇ ਮੁਕਦੀ ਏ।

ਭਾਪਾ ਜੀ : ਗੱਲ ਤਾਂ ਹਰ ਇਕ ਇਥੇ ਆਕੇ ਹੀ ਮੁਕਣੀ ਏ, ਭਾਵੇਂ ਮੈਂ ਦਸਾਂ, ਭਾਵੇਂ ਤੂੰ ਦਸੇਂ ਤੇ ਭਾਵੇਂ ਗਵਾਂਢਣ ਦਸੇ।

ਬੀਜੀ : ਕਿਧਰੇ ਬਿੰਦਰ ਦੀ ਨੌਕਰੀ ਲਗ ਜਾਏ।

ਭਾਪਾ ਜੀ : ਫੇਰ ਵੀ ਗੱਲ ਇਥੇ ਹੀ ਮੁਕਣੀ ਏ।

ਬੀਜੀ : ਲੋਕਾਂ ਦੀ ਤਾਂ ਨਹੀਂ ਮੁਕਦੀ। ਛੱਤਾਂ ਉਤੇ ਛੱਤਾਂ ਚਾੜ੍ਹੀ ਜਾਂਦੇ ਨੇ।

ਭਾਪਾ ਜੀ : ਉਹ ਛੱਤਾਂ ’ਤੇ ਛੱਤਾਂ ’ਤੇ ਚਾੜ੍ਹੀ ਜਾਂਦੇ ਨੇ, ਤਾਂਹੀਓਂ ਤਾਂ ਸਾਡੀ ਇਥੇ ਮੁਕਣੀ ਏ – ਹਾਂ ਜੇ ਥੋੜ੍ਹੀ ਜਿਹੀ ਲੇਵੀ ਬਣਾ ਦੇਵੇਂ ਤਾਂ ਇਹ ਕੰਮ ਮੁੱਕਾ ਹੀ ਲਵਾਂ।

ਬੀਜੀ : ਬਸ ਤੁਹਾਡੀ ਤਾਂ ਹਰ ਗਲ ਲੇਵੀ ’ਤੇ ਹੀ ਮੁਕਦੀ ਏ।

ਭਾਪਾ ਜੀ : ਇਸ ਲੇਵੀ ਨਾਲ ਕਿਤਾਬਾਂ ਜੁੜਦੀਆਂ ਨੇ। ਜਿਲਦਾਂ ਬਣਦੀਆਂ ਨੇ। ਜਿਲਦਾਂ ਬਣਦੀਆਂ ਨੇ ਤਾਂ ਰੋਟੀ ਪਾਣੀ ਚਲਦਾ ਏ – ਇਸ ਲਈ ਸਾਡੀ ਗੱਲ ਤਾਂ ਲੇਵੀ ’ਤੇ ਹੀ ਮੁਕਣੀ ਹੋਈ।

*(ਬਿੰਦਰ ਆਂਦਾ ਹੈ। ਉਹਦੇ ਹੱਥ ਵਿਚ ਥੈਲਾ ਹੈ, ਇਕ ਪਾਸੇ ਰਖਦਾ ਹੈ।)*

ਭਾਪਾ ਜੀ : ਆ ਗਿਆ ਬਰਖੁਦਾਰ ?

ਬਿੰਦਰ : ਆ ਹੀ ਗਿਆ ਹਾਂ ਭਾਪਾ ਜੀ।

ਬੀਜੀ : ਪੁੱਤਰ ਜਲਦੀ ਘਰ ਆ ਜਾਇਆ ਕਰ, ਤੇਰੇ ਭਾਪਾ ਜੀ ਐਵੇਂ ਫਿਕਰ ਕਰਦੇ ਨੇ।

ਭਾਪਾ ਜੀ : ਨਹੀਂ ਬਰਖੁਦਾਰ ਮੈਂ ਇਸ ਗੱਲ ਦਾ ਫਿਕਰ ਨਹੀਂ ਕਰਦਾ ਕਿ ਤੂੰ ਦੇਰ ਨਾਲ ਆਇਆ ਏਂ। ਮੈਨੂੰ ਫਿਕਰ ਇਸ ਗੱਲ ਦਾ ਏ ਕਿ ਏਨੀ ਦੇਰ ਬਾਹਰ ਕਰਦਾ ਕੀ ਰਹਿਨਾਂ ਏਂ ?

ਬੀਜੀ : ਮੁੰਡੇ ਖੁੰਡੇ ਬੈਠਕੇ ਗਲ ਪਏ ਕਰਦੇ ਹੋਣੇ ਨੇ, ਹੋਰ ਕੀ ਕਰਨਾ ਏ ?

ਭਾਪਾ ਜੀ : ਮੈਂ ਤੈਨੂੰ ਤਾਂ ਨਹੀਂ ਪੁੱਛਿਆ।

ਬਿੰਦਰ : ਭਾਪਾ ਜੀ, ਜੇ ਮੈਨੂੰ ਪੁੱਛਿਆ ਏ ਤਾਂ ਮੇਰਾ ਵੀ ਉਹੋ ਜਵਾਬ ਏ, ਜੋ ਬੀਜੀ ਨੇ ਦਿੱਤਾ ਏ। ਗੱਲਾਂ ਕਰਦੇ ਹਾਂ ਕੁਝ ਬੈਠਕੇ।

ਭਾਪਾ ਜੀ : ਕਾਹਦੀਆਂ ਗੱਲਾਂ ?

ਬਿੰਦਰ : ਜੋ ਆਲੇ ਦੁਆਲੇ ਹੋ ਰਿਹਾ ਏ ?

ਭਾਪਾ ਜੀ : ਅੱਛਾ ਜੋ ਆਲੇ ਦੁਆਲੇ ਹੋ ਰਿਹਾ ਏ, ਉਹਦੀਆਂ ਗੱਲਾਂ ਤੁਸੀਂ ਕਰਨ ਲਗ ਪਏ ਹੋ ?

ਬਿੰਦਰ : ਕਿਉਂ ਭਾਪਾ ਜੀ, ਤੁਹਾਨੂੰ ਸ਼ੱਕ ਏ ?

ਬੀਜੀ : ਕਾਕਾ ਇਹਨਾਂ ਨੂੰ ਤਾਂ ਤੁਹਾਡੀ ਹਰ ਗੱਲ ਦਾ ਸ਼ਕ ਏ, ਇਹਨਾਂ ਨੂੰ ਤਾਂ ਇਸ ਗੱਲ 'ਤੇ ਵੀ ਸ਼ਕ ਏ ਕਿ ਨੌਕਰੀ ਸਫਾਰਸ਼ ਬਿਨਾਂ ਨਹੀਂ ਮਿਲਦੀ।

ਭਾਪਾ ਜੀ : ਲੈ ਤੂੰ ਵਕੀਲਾਂ ਵਾਕੁਨ ਪਹਿਲੇ ਹੀ ਬੋਲਣਾ ਸ਼ੁਰੂ ਕਰ ਦਿੱਤਾ। ਮੈਨੂੰ ਹੋਰ ਕਿਸੇ ਗਲ 'ਤੇ ਸ਼ਕ ਨਹੀਂ, ਪਰ ਇਸ ਗੱਲ 'ਤੇ ਜ਼ਰੂਰ ਸ਼ਕ ਏ ਕਿ ਇਹ ਮੁੰਡੇ ਆਪਣੇ ਆਲੇ ਦੁਆਲੇ ਬਾਰੇ ਸੋਚਦੇ ਨੇ। ਅਸੀਂ ਇਸ ਉਮਰ ਵਿਚ ਬੜਾ ਕੁਝ ਸੋਚਿਆ ਕਰਦੇ ਸਾਂ।

ਬੀਜੀ : ਤਾਂਹੀਓ ਤਾਂ ਇਸ ਉਮਰ ਵਿਚ ਕਿਤਾਬਾਂ ਦੀਆਂ ਜਿਲਦਾਂ ਪਏ ਬਣਾਂਦੇ ਹੋ।

ਬਿੰਦਰ : ਤੁਸੀਂ ਭਾਪਾ ਜੀ, ਇਸ ਉਮਰ ਵਿਚ ਕੀ ਸੋਚਦੇ ਸੀ ?

ਭਾਪਾ ਜੀ : ਪੁੱਤਰਾ ਉਹ ਵੇਲਾ ਅੰਗਰੇਜ਼ਾਂ ਦਾ ਸੀ। ਅਸੀਂ ਆਜ਼ਾਦੀ ਬਾਰੇ ਸੋਚਦੇ ਸਾਂ। ਅਸੀਂ ਸੋਚਦੇ ਸਾਂ ਕਿ ਅੰਗਰੇਜ਼ਾਂ ਨੇ ਸਾਨੂੰ ਗੁਲਾਮ ਬਣਾਕੇ ਸਾਡੀ ਕਿਸ ਤਰ੍ਹਾਂ ਲੁੱਟ ਕੀਤੀ ਏ। ਆਜ਼ਾਦੀ ਦੀ ਲੜਾਈ ਉਸ ਵੇਲੇ ਸਿਖਰਾਂ 'ਤੇ ਸੀ।

ਬਿੰਦਰ : ਤੁਸੀਂ ਵੀ ਭਾਪਾ ਜੀ ਆਜ਼ਾਦੀ ਦੀ ਲੜਾਈ ਵਿਚ ਕੁਝ ਹਿੱਸਾ ਪਾਇਆ ?

ਭਾਪਾ ਜੀ : ਨਹੀਂ ਪੁੱਤਰਾ ਇਹ ਅਰਮਾਨ ਹੀ ਰਿਹਾ। ਦਸਵੀਂ ਪਾਸ ਕੀਤੀ ਤਾਂ ਮਾਂ ਬਾਪ ਦੀ ਗਰੀਬੀ ਨੇ ਮਜ਼ਬੂਰ ਕੀਤਾ ਕਿ ਸਕੂਲ ਦੀ ਛੋਟੀ ਜਹੀ ਮਾਸਟਰੀ ਕਰ ਲਵਾਂ – ਪੁਰਾਣੀਆਂ ਗੱਲਾਂ ਨੇ – ਆਜ਼ਾਦੀ ਆਈ – ਪਾਕਿਸਤਾਨ ਬਣਿਆ, ਅਸੀਂ ਘਰੋਂ ਬੇਘਰ ਹੋ ਗਏ। ਕੋਈ ਕਿਧਰੇ ਚਲਾ ਗਿਆ, ਕੋਈ ਕਿਧਰੇ ਚਲਾ ਗਿਆ। ਇਹ ਬਦਰੀ ਨਾਥ ਜਿਹੜਾ ਹੁਣ ਵਜ਼ੀਰ ਬਣਿਆ ਏ, ਇਹ ਮੇਰੇ ਹੀ ਪਿੰਡ ਦਾ ਏ, ਮੇਰੇ ਨਾਲ ਹੀ ਪੜ੍ਹਦਾ ਸੀ, ਬਿਲਕੁਲ ਲੋਲੜ, ਇਹਨੂੰ ਨਲੀ ਪੂੰਝਣੀ ਨਹੀਂ ਆਂਦੀ ਸੀ।

ਬੀਜੀ : ਹੁਣ ਤਾਂ ਉਹਨੂੰ ਬਹੁਤ ਕੁਝ ਪੂੰਝਣਾ ਆ ਗਿਆ ਏ (ਰੋਟੀ ਰੱਖਦੇ ਹੋਏ) ਲੈ ਕਾਕਾ ਖਾ ਲੈ।

ਭਾਪਾ ਜੀ : ਹਾਂ ਪੁੱਤਰਾ ਰੋਟੀ ਖਾ ਲੈ – ਉਵੇਂ ਤੁਹਾਨੂੰ ਆਲੇ ਦੁਆਲੇ ਬਾਰੇ ਸੋਚਣਾ ਜ਼ਰੂਰ ਚਾਹੀਦੈ। ਦੇਸ਼ ਵਿਚ ਜੋ ਕੁਝ ਹੋ ਰਿਹੈ ਕੋਈ ਚੰਗਾ ਨਹੀਂ ਹੋ ਰਿਹਾ – ਹਾਂ ਤੇ ਹੁਣ ਲੇਵੀ ਨਾ ਬਣਾਈ, ਬਾਕੀ ਕੰਮ ਸਵੇਰੇ ਹੀ ਕਰਾਂਗਾ।

*(ਆਪਣਾ ਅੱਡਾ ਸਾਂਭਦਾ ਏ)*

ਬੀਜੀ : ਤੁਸੀਂ ਦਸਦੇ ਸੀ ਕਿ ਇਹ ਬਦਰੀ ਨਾਥ ਜਿਹੜਾ ਹੁਣ ਮੰਤਰੀ ਬਣ ਗਿਆ ਏ, ਤੁਹਾਡੇ ਪਿੰਡ ਦਾ ਏ।

ਭਾਪਾ ਜੀ : ਪਿੰਡ ਦਾ ਕੀ ? ਆਪਣਾ ਲੰਗੋਟੀਆ ਰਿਹਾ ਏ।

ਬੀਜੀ : ਫੇਰ ਤੁਸੀਂ ਕਾਕੇ ਬਾਰੇ ਉਹਨੂੰ ਕਿਉਂ ਨਹੀਂ ਸਵਾਲ ਪਾਂਦੇ ?

ਭਾਪਾ ਜੀ : ਹੁਣ ਵੱਡਾ ਬੰਦਾ ਬਣ ਗਿਆ ਏ, ਪਤਾ ਨਹੀਂ ਪਛਾਣੇ ਕਿ ਨਾ ?

ਬੀਜੀ : ਨਾਲੇ ਕਹਿੰਦੇ ਹੋ ਤੁਹਾਡਾ ਲੰਗੋਟੀਆ ਰਿਹਾ ਏ।

ਭਾਪਾ ਜੀ : ਉਹ ਤਾਂ ਰਿਹਾ ਏ।

ਬੀਜੀ : ਫੇਰ ਪਛਾਣੇਗਾ ਕਿਉਂ ਨਾ ?

ਭਾਪਾ ਜੀ : ਉਹਨੂੰ ਕੀ ਆਖਾਂਗਾ ?

ਬੀਜੀ : ਇਹੋ ਕਿ ਆਪਣੇ ਬਿੰਦਰ ਨੂੰ ਕੋਈ ਨਾ ਕੋਈ ਨੌਕਰੀ ਦੇਵੇ। ਕੋਈ ਕਲਰਕ ਦੀ ਨੌਕਰੀ ਦੇਣੀ ਤਾਂ ਉਹਦੀ ਲਈ ਮੁਸ਼ਕਿਲ ਨਹੀਂ।

ਭਾਪਾ ਜੀ : ਆਹੋ ਮੁਸ਼ਕਿਲ ਤੇ ਨਹੀਂ।

ਬੀਜੀ : ਫੇਰ ਤੁਸੀਂ ਜ਼ਰੂਰ ਜਾਵੋ ਕਿਸੇ ਦਿਨ।

ਭਾਪਾ ਜੀ : ਚੰਡੀਗੜ੍ਹ ਜਾਣਾ ਪਵੇਗਾ।

ਬਿੰਦਰ : ਚੰਡੀਗੜ੍ਹ ਚਲੇ ਜਾਣਾ।

ਭਾਪਾ ਜੀ : ਬਿੰਦਰ ?

ਬਿੰਦਰ : ਹਾਂ ਭਾਪਾ ਜੀ ?

ਭਾਪਾ ਜੀ : ਤੇਰੀ ਬੀਜੀ ਕਹਿੰਦੀ ਏ ਕਿ ਮੈਂ ਤੇਰੀ ਨੌਕਰੀ ਲਈ ਬਦਰੀ ਨਾਥ ਨੂੰ ਮਿਲਾਂ – ਤੇਰਾ ਕੀ ਖਿਆਲ ਏ ?

ਬਿੰਦਰ : ਜਿਸ ਤਰ੍ਹਾਂ ਤੁਸੀਂ ਠੀਕ ਸਮਝੋ। ਉਂਝ ਸਫਾਰਸ਼...

ਭਾਪਾ ਜੀ : ਸਫਾਰਸ਼ ਕੀ ?

ਬਿੰਦਰ : ਸਫਾਰਸ਼ ਕੋਈ ਚੰਗੀ ਚੀਜ਼ ਨਹੀਂ ਭਾਪਾ ਜੀ। ਮੈਂ ਕਈ ਥਾਂ ਕੋਸ਼ਿਸ਼ ਕਰ ਰਿਹਾ ਹਾਂ, ਕਿਧਰੇ ਨਾ ਕਿਧਰੇ ਤਾਂ ਕਾਮਯਾਬੀ ਮਿਲ ਹੀ ਜਾਏਗੀ।

ਭਾਪਾ ਜੀ : ਇਹ ਤਾਂ ਬੜੀ ਚੰਗੀ ਗੱਲ ਏ, ਕਿਸੇ ਨੂੰ ਸਵਾਲ ਪਾਈਏ ਤਾਂ ਨੀਵਾਂ ਤਾਂ ਹੋਣਾ ਹੀ ਪੈਂਦਾ ਏ।

ਬੀਜੀ : ਨੀਵਾਂ ਕਾਹਦਾ ਹੋਣਾ ਪੈਂਦਾ ਏ ? ਤੁਹਾਡਾ ਦੋਸਤ ਰਿਹਾ ਏ। ਦੋਸਤਾਂ ਅਗੇ ਸਵਾਲ ਪਾਉਣਾ, ਕਾਹਦਾ ਨੀਵਾਂ ਹੋਣਾ ਹੋਇਆ।

ਭਾਪਾ ਜੀ : ਦੋਸਤੀ ਤਾਂ ਬਰਾਬਰ ਦੇ ਲੋਕਾਂ ਵਿਚ ਹੁੰਦੀ ਏ। ਹੁਣ ਮੇਰੀ ਤਾਂ ਉਹਦੀ ਕਾਹਦੀ ਦੋਸਤੀ ?

ਬੀਜੀ : ਲੋਕ ਪੁੱਤਰਾਂ ਵਾਸਤੇ ਪਤਾ ਨਹੀਂ ਕੀ ਕੀ ਨਹੀਂ ਕਰਦੇ ਨੇ ਤੇ ਤੁਸੀਂ ਹੋ ਕਿ ਨਿੱਕੀ ਜਹੀ ਗੱਲ ਪਿਛੇ ਸੋਚੀ ਪੈ ਗਏ ਹੋ।

ਭਾਪਾ ਜੀ : ਅੱਛਾ ਚਲਾ ਜਾਵਾਂਗਾ ਜੇ ਤੂੰ ਕਹਿਨੀ ਏ – ਇਹ ਵੀ ਕਰਕੇ ਦੇਖ ਲਵਾਂਗਾ (ਬੋਝੇ ਵਿਚੋਂ ਡਾਇਰੀ ਕੱਢਦਾ ਹੈ।)

*(ਡਾਇਰੀ 'ਤੇ ਲਿਖਦੇ ਹੋਏ)*

"ਇਸ ਜਮਹੂਰੀਅਤ ਦੇ ਦੇਸ਼ ਵਿਚ ਕਿਸੇ ਨੌਕਰੀ 'ਤੇ ਲਗਨ ਲਈ ਸਫਾਰਸ਼ ਦੀ ਲੋੜ ਹੈ। ਇਹ ਸਫਾਰਸ਼ ਕਰਨ ਲਈ ਇਕ ਸਾਧਾਰਨ ਬੰਦਾ ਆਪਣੇ ਕਿਸੇ ਵੇਲੇ ਰਹਿ ਚੁੱਕੇ ਦੋਸਤ ਕੋਲ ਜਾਏਗਾ ਜੋ ਇਸ ਵੇਲੇ ਵੱਡੀ ਪੱਦਵੀ 'ਤੇ ਪੁੱਜ ਚੁੱਕਾ ਹੈ। ਦੇਖੋ, ਉਸਨੂੰ ਕਿੰਨਾ ਨੀਵਾਂ ਹੋਣਾ ਪੈਂਦਾ ਹੈ।"

*(ਹੌਲੇ ਹੌਲੇ ਫੇਡ ਆਊਟ)*

(ਰੋਸ਼ਨੀ ਹੋਣ 'ਤੇ ਬਿੰਦਰ ਮੇਜ਼ 'ਤੇ ਬੈਠਾ ਕੁਝ ਲਿਖ ਰਿਹਾ ਹੈ। ਪਤਨੀ ਚੌਕੇ ਵਿਚ ਹੈ ਜਦੋਂ ਅਵਤਾਰ ਸਿੰਘ ਬਾਹਰੋਂ ਆਉਂਦਾ ਹੈ। 50 ਸਾਲ ਦੀ ਉਮਰ 'ਚ ਅੱਖਾਂ ਦੇ ਮੋਟੇ ਸ਼ੀਸ਼ੇ ਵਾਲੀ ਐਨਕ ਲਗਾਈ ਹੋਈ ਹੈ।)

ਅਵਤਾਰ : ਭਾਬੀ, ਕਿਧਰ ਗਏ ਨੇ ਸਾਡੇ ਭਾਈ ਸਾਹਿਬ ?

ਬੀਜੀ : ਬਾਹਰ ਗਏ ਨੇ।

ਅਵਤਾਰ : ਬਾਹਰ ਕਿਧਰ ਚੰਦੀਗੜ੍ਹ ਗਏ ਹੋਣੇ ਨੇ, ਦਸਦੇ ਸਨ ਕਿ ਬਦਰੀ ਨਾਥ ਉਹਨਾਂ ਦਾ ਕਦੀ ਜਮਾਤੀ ਰਿਹਾ ਏ, ਉਹਨੂੰ ਮਿਲਣ ਗਏ ਹੋਣੇ

ਨੇ ?... ਮਿਲਣ ਜਾਣਾ ਹੀ ਚਾਹੀਦਾ ਏ। ਜਵਾਨ ਪੁੱਤਰ ਘਰ ਵਿਹਲਾ ਹੋਵੇ ਤਾਂ ਸਫਾਰਸ਼ ਲਈ ਜਾਣਾ ਹੀ ਪੈਂਦਾ ਏ... ਪਰ ਹੈ ਬੜੀ ਖੱਜਲ ਖੁਆਰੀ... ਪੁੱਤਰਾਂ ਵਾਸਤੇ ਇਹ ਖੱਜਲ ਖੁਆਰੀ ਕਰਨੀ ਹੀ ਪੈਂਦੀ ਏ – ਜਿਨਾਂ ਪੁੱਤਰਾਂ ਦੇ ਪਿਉਆਂ ਦੇ ਵਜ਼ੀਰ ਦੋਸਤ ਹੋਣ ਉਹਨਾਂ ਦੀ ਕਿਸਮਤ ਆਪੇ ਖੁਲ੍ਹ ਗਈ। ਸਾਡੀ ਕਿਸਮਤ ਕਦੋਂ ਖੁਲ੍ਹੇਗੀ, ਜਿੰਨਾ ਦਾ ਅੱਵਲ ਦੋਸਤ ਹੀ ਕੋਈ ਨਹੀਂ, ਤੇ ਜੇ ਕੋਈ ਦੋਸਤ ਹੈ ਤਾਂ ਉਹ ਵਜ਼ੀਰ ਨਹੀਂ... ਕਿਸਮਤ ਆਪਣੀ ਆਪਣੀ ਹੁੰਦੀ ਏ, ਕਈਆਂ ਦੀ ਚੰਗੀ ਹੁੰਦੀ ਏ, ਕਈਆਂ ਦੀ ਮੰਦੀ ਹੁੰਦੀ ਏ। ਪਰ ਮੰਦੀ ਕਿਸਮਤ ਵਾਲਿਆਂ ਦਾ ਵੀ ਰੱਬ ਹੁੰਦਾ ਏ – ਕਦੀ ਰੱਬ ਉਹਨਾਂ ਦੀ ਵੀ ਸੁਣ ਲਏਗਾ।

ਬੀਜੀ : ਤੂੰ ਆਪਣੀ ਆਦਤ ਤੋਂ ਬਾਜ਼ ਨਹੀਂ ਆਏਂਗਾ, ਆਉਂਦਿਆਂ ਹੀ ਬਕੜਵਾਹ ਸ਼ੁਰੂ ਕਰ ਦਿੱਤੀ – ਤੈਨੂੰ ਕਿਸ ਤਰ੍ਹਾਂ ਪਤਾ ਏ ਕਿ ਉਹ ਚੰਦੀਗੜ੍ਹ ਗਏ ਨੇ ?

ਅਵਤਾਰ : ਜੇ ਬੰਦਾ ਘਰ ਨਾ ਹੋਵੇ, ਤੇ ਜ਼ਰੂਰੀ ਏ ਕਿ ਉਹ ਬਾਹਰ ਗਿਆ ਏ – ਜੇ ਜਾਣ ਲਗਿਆਂ ਉਹਦੇ ਹੱਥ ਵਿਚ ਟੈਚੀਕੇਸ ਹੋਵੇ ਤੇ ਸਾਫ ਏ ਕਿ ਬੰਦਾ ਸਫਰ 'ਤੇ ਗਿਆ ਏ ਤੇ ਸਫਰ ਹੁਣ ਚੰਡੀਗੜ੍ਹ ਤੋਂ ਸਿਵਾ ਰਹਿ ਕਿਹੜਾ ਗਿਆ ਏ, ਕਿਉਂਕਿ ਵਜ਼ੀਰ ਸਾਰੇ ਚੰਡੀਗੜ੍ਹ ਵਿਚ – ਹਾਂ ਤੇ ਭਾਬੀ ਇਕ ਗਲਾਸ ਲੱਸੀ ਦਾ ਦੇਦੇ।

ਬੀਜੀ : ਕਿਉਂ ਇਥੇ ਲਵੇਰੀਆਂ ਸੂਈਆਂ ਹੋਈਆਂ ਨੇ ?

ਅਵਤਾਰ : ਲਵੇਰੀਆ ਤਾਂ ਹੁਣ ਕਿਸੇ ਘਰ ਵਿਚ ਨਹੀਂ ਸੂੰਦੀਆਂ ਪਰ ਦੁੱਧ ਥੋੜਾ ਬਹੁਤ ਜ਼ਰੂਰ ਹੁੰਦਾ ਏ ਤੇ ਉਹਦੇ ਨਾਲ ਇਕ ਲੋੜਵੰਦ ਨੂੰ ਇਕ ਚਾਹ ਦਾ ਪਿਆਲਾ ਜ਼ਰੂਰ ਮਿਲ ਸਕਦਾ ਏ – ਹਾਂ ਤੇ ਭਾਬੀ ਚਾਹ ਲਿਆ ਦੇ।

ਬੀਜੀ : ਤੇ ਸਿੱਧਾ ਹੀ ਮੰਗ ਲੈਂਦਾ, ਏਨੇਂ ਖੇਖਨ ਕਰਨ ਦੀ ਕੀ ਲੋੜ ਸੀ ?

ਅਵਤਾਰ : ਆਦਤਾਂ ਤੋਂ ਮਜ਼ਬੂਰ ਹਾਂ। ਰੱਬ ਕਰੇ ਤੇਰੇ ਪੁੱਤਰ ਦੀ ਨੌਕਰੀ ਲਗ ਜਾਏ, ਫੇਰ ਖੁਸ਼ੀ ਵਿਚ ਮਠਿਆਈ ਵੀ ਮਿਲੇਗੀ ਭਾਈ ਸਾਹਿਬ ਮੈਨੂੰ ਸਭ ਦਸ ਗਏ ਨੇ।

ਬੀਜੀ : ਉਹਨਾਂ ਦੇ ਢਿੱਡ ਵਿਚ ਵੀ ਕੋਈ ਗੱਲ ਨਹੀਂ ਰਹਿੰਦੀ।

ਅਵਤਾਰ : ਢਿੱਡ ਵਿਚ ਕੋਈ ਗੱਲ ਰਖਣੀ ਚੰਗੀ ਨਹੀਂ ਹੁੰਦੀ। ਐਵੇਂ ਸੇਹਤ ਖਰਾਬ ਹੋ ਜਾਂਦੀ ਏ – ਹਾਂ ਤੇ ਬਰਖੁਦਾਰ ਕੀ ਕਰ ਰਿਹਾ ਏਂ ? ਅਰਜ਼ੀ ਲਿਖ ਰਿਹਾ ਏ ? ਹੁਣ ਅਰਜ਼ੀ ਲਿਖਕੇ ਕੀ ਕਰਨਾ ਏ ? ਜਿਨਾਂ ਦੀ ਵਜ਼ੀਰਾਂ ਤੱਕ ਪਹੁੰਚ ਹੋਵੇ ਉਹਨਾਂ ਨੂੰ ਅਰਜ਼ੀਆਂ ਲਿਖਣ ਦੀ ਕੀ

ਲੋੜ ?

ਬਿੰਦਰ : ਚਾਚਾ ਜੀ ਤੁਹਾਨੂੰ ਚਾਹ ਹੁਣ ਮਿਲ ਜਾਏਗੀ। ਬਸ ਬੋਰ ਕਰਨ ਦੀ ਲੋੜ ਨਹੀਂ।

ਅਵਤਾਰ : ਤੁਸੀਂ ਨੌਜਵਾਨ ਬੋਰ ਬੜੀ ਜਲਦੀ ਹੁੰਦੇ ਹੋ। ਅਸੀਂ ਆਪਣੇ ਵੇਲੇ ਕਦੀ ਬੋਰ ਨਹੀਂ ਸਾਂ ਹੋਏ। ਹਾਲਾਂਕਿ ਸਾਡੇ ਵੇਲੇ ਟੈਲੀਵੀਜ਼ਨ ਨਹੀਂ ਹੁੰਦੇ ਸਨ, ਸਿਨਮਾ ਵੀ ਨਹੀਂ ਹੁੰਦੇ ਸਨ ਤੇ ਹੋਰ ਵੀ ਕਈ ਕੁਝ ਨਹੀਂ ਹੁੰਦਾ ਸੀ।

ਬਿੰਦਰ : (ਲਿਖਣਾ ਛੱਡਕੇ) ਤੇ ਚਾਚਾ ਜੀ, ਤੁਹਾਡੇ ਵੇਲੇ ਹੁੰਦੇ ਕਿਹੜੇ ਸਨ ?

ਅਵਤਾਰ : ਜਿਨਾਂ ਵੇਲਿਆਂ ਵਿਚ ਤੁਹਾਡੀ ਚਾਚੀ ਹੁੰਦੀ ਸੀ। ਤੁਹਾਡੀ ਚਾਚੀ ਗਈ ਤੇ ਸਾਡੇ ਵੇਲੇ ਵੀ ਮੁੱਕ ਗਏ। ਤੁਹਾਨੂੰ ਜਵਾਨਾਂ ਨੂੰ ਕੀ ਪਤਾ ਲਾਈਫ ਪਾਰਟਨਰ ਦੀ ਕੀ ਕੀਮਤ ਹੈ – ਬਸ ਏਨਾਂ ਹੀ ਕਹਾਂਗਾ No Life Without Wife (ਚਾਹ ਲਿਆਕੇ ਦੇਂਦੀ ਹੈ) ਹੁਣ ਤੇਰੀ ਮਾਂ ਨੇ ਚਾਹ ਲਿਆ ਦਿੱਤੀ ਏ ਤਾਂ ਕੁਝ ਲਾਈਫ ਪੈ ਗਈ ਏ – ਹਾਂ ਤੇ ਬਰਖੁਦਾਰ ਸਸ਼ੀ ਰਾਤੀਂ ਬਹੁਤ ਰੌਲਾ ਪਾ ਰਿਹਾ ਸੀ ਅਖੇ ਨੌਜਵਾਨਾਂ ਦੀ ਕੋਈ ਜਥੇਬੰਦੀ ਬਨਾਉਣੀ ਏ... ਨਾ ਪਿਓ ਨੇ ਅਗੇ ਥੋੜੀ ਠੱਗੀ ਕੀਤੀ ਏ ਕਿ ਹੁਣ ਪੁੱਤਰ ਵੀ ਉਸ ਲਾਈਨ 'ਤੇ ਤੁਰ ਪਿਆ ਏ – ਹਾਂ ਤੇ ਕੋਈ ਪੰਜ ਨੁਕਤਿਆਂ ਦੀ ਗੱਲ ਕਰ ਰਿਹਾ ਸੀ... ਮਾਂ ਦੇ 20 ਨੁੱਕਤੇ–ਪੁੱਤਰ ਦੇ 5 ਨੁਕਤੇ ...ਭਤੀਜਿਆ ਮੇਰੀ ਗੱਲ ਦੀ ਗੰਢ ਮਾਰ ਲੈ – ਨੁਕਤਾ ਇਕੋ ਏ ਤੇ ਉਹ ਇਹ ਵੇ ਕਿ ਬੋਝੇ ਵਿਚ ਪੈਸਾ ਹੋਵੇ...ਬਾਕੀ ਸਾਰੇ ਨੁਕਤੇ ਆਪੇ ਪੂਰੇ ਹੋ ਜਾਂਦੇ ਨੇ ...ਸਾਰੀ ਦੁਨੀਆ ਇਸੇ ਨੁਕਤੇ ਦੇ ਆਲੇ–ਦੁਆਲੇ ਪਈ ਘੁੰਮਦੀ ਏ... ਸ਼ਸ਼ੀ ਇਕੋ ਨੁਕਤਾ ਏ ਤੇ ਉਹਦੇ ਗੁਰੂ ਘੰਟਾਲਾਂ ਦਾ ਵੀ ਇਕੋ ਨੁਕਤਾ ਏ। ਸ਼ਸ਼ੀ ਦਾ ਪਿਓ ਇਕ ਨੰਬਰ ਦਾ ਬੇਈਮਾਨ... ਡਿਪੂ ਲੈ ਲਿਆ ਵਜ਼ੀਰ ਦੀ ਮਦਦ ਨਾਲ। ਹੁਣ ਉਸੇ ਡਿਪੂ ਤੋਂ ਬਿਲਡਿੰਗਾਂ ਦੀਆਂ ਬਿਲਡਿੰਗਾਂ ਬਣਾ ਲਈਆਂ... ਪਰ ਮੈਨੂੰ ਮਨਿਸਟਰ ਦੀ ਗੱਲ ਨਹੀਂ ਕਰਨੀ ਚਾਹੀਦੀ, ਤੇਰਾ ਬਾਪੂ ਵੀ ਮਨਿਸਟਰ ਕੋਲ ਗਿਆ ਏ – ਪਰ ਤੇਰਾ ਬਾਪੂ ਬੇਈਮਾਨ ਨਹੀਂ। ਸਾਰੀ ਉਮਰ ਉਹਨੇ ਮੇਹਨਤ ਦੀ ਕਮਾਈ ਖਾਧੀ ਏ – ਤਾਹੀਓ ਉਹਦੀ ਕੋਈ ਬਿਲਡਿੰਗ ਨਹੀਂ ਬਣੀ... ਹੁਣ ਉਹ ਵਜ਼ੀਰ ਕੋਲ ਗਿਆ ਏ – ਕਿਹੋ ਜਿਹੇ ਵਕਤ ਆ ਗਏ ਨੇ। ਈਮਾਨਦਾਰ ਬੰਦਿਆਂ ਨੂੰ ਬੇਈਮਾਨਾਂ ਦੇ ਅਗੇ ਹੱਥ ਅੱਡਨੇ ਪੈਂਦੇ ਨੇ... ਪਰ ਨਹੀਂ ਅੱਜ ਕਿਸੇ ਵਜ਼ੀਰ ਨੂੰ ਬੇਈਮਾਨ ਨਹੀਂ ਕਹਿਣਾ। ਸਾਡੇ ਭਤੀਜੇ ਨੂੰ ਉਸਨੇ ਨੌਕਰੀ ਦੇਣੀ ਏ... ਦੇਖ ਭਾਬੀ ਗੁੱਸੇ ਨਾ

ਹੋ, ਚਾਹ ਤੂੰ ਪਿਲਾ ਦਿੱਤੀ ਏ, ਚਲਾ ਜਾਵਾਂਗਾ ਭਾਵੇਂ ਤੂੰ ਪਿਆਈ ਸੁੱਕੀ ਚਾਹ ਏ – ਜੇ ਇਕ ਅੱਧ ਬਿਸਕੁਟ ਨਾਲ ਦੇ ਦੇਂਤੀ ਤਾਂ ਹਰਜ ਕੋਈ ਨਹੀਂ ਸੀ... ਪਰ ਕੋਈ ਗੱਲ ਨਹੀਂ, ਸਾਨੂੰ ਕੋਈ ਸੁੱਕੀ ਚਾਹ ਵੀ ਪਿਆ ਦੇਵੇ ਤਾਂ ਵੀ ਅਸੀਂ ਉਹਦੇ ਅਹਿਸਾਨਮੰਦ ਹੁੰਦੇ ਹਾਂ – ਪਰ ਇਕ ਗੱਲ ਏ ਜਦੋਂ ਸਾਡੇ ਭਤੀਜੇ ਦੀ ਨੌਕਰੀ ਲਗ ਗਈ ਤਾਂ ਅਸੀਂ ਸੁੱਕੀ ਚਾਹ ਨਹੀਂ ਪੀਣੀ (ਉਠਦਾ ਹੈ) ਹਾਂ ਤੇ ਭਤੀਜਿਆ ਉਸ ਸ਼ਸ਼ੀ ਦੇ ਚੱਕਰ ਵਿਚ ਨਾ ਪਈ... ਕੀ ਕਹਿੰਦਾ ਸੀ ਮੁਹੱਲੇ ਵਿਚ ਸਭਿਆਚਾਰਕ ਯਨੀ ਕਲਚਰਲ ਪ੍ਰੋਗਰਾਮ ਕਰਵਾਣਾ ਏ, ਉਹਦੇ ਲਈ ਚੰਦਾ ਜਮ੍ਹਾਂ ਕਰਨਾ ਏ, ਕਲਚਰਲ ਪ੍ਰੋਗਰਾਮ ਕਾਹਦਾ? ਗਾਉਣ ਵਾਲੀਆਂ ਮੰਗਵਾ ਲਵੇਗਾ। ਗਾਣਾ ਗਾ ਦੇਣਗੀਆਂ... ਮੇਰਾ ਢੋਲਾ, ਬੜਾ ਭੋਲਾ – ਨਿਰਾ ਬੰਬ ਦਾ ਗੋਲਾ, ਕੰਨੋ ਬੋਲਾ – ਤੇ ਲੋਕ ਉਹਨੂੰ ਇਨਾਮ ਤੇ ਇਨਾਮ ਦੇਣਗੇ। ਸ਼ਸ਼ੀ ਦਾ ਪਿਓ ਸ਼ਰਾਬ ਪੀਕੇ 100 ਦਾ ਨੋਟ ਆਪਣੀਆ ਦੰਦੀਆਂ ਵਿਚ ਅੜਾ ਲਏਗਾ ਤੇ ਕੁੜੀ ਬੜੇ ਨਖਰੇ ਨਾਲ ਉਹ 100 ਦਾ ਨੋਟ ਉਥੋਂ ਫੜ ਲਵੇਗੀ – ਕੰਜਰਾਂ ਦਾ ਪ੍ਰੋਗਰਾਮ ਤੇ ਨਾਂ ਕਲਚਰਲ ਪ੍ਰੋਗਰਾਮ... ਹਾਂ ਤੇ ਐਮ.ਐਲ.ਏ. ਸਾਹਿਬ ਉਥੇ ਹੋਣਗੇ। ਉਹਨਾਂ ਦੇ ਗੱਲ ਵਿਚ ਹਾਰ ਪੈ ਜਾਏਗਾ ਤਾਂ ਉਹ ਸਭਾ ਲਈ ਹਜ਼ਾਰ ਦੋ ਹਜ਼ਾਰ ਦੇ ਇਨਾਮ ਦਾ ਐਲਾਨ ਕਰ ਦੇਵੇਗਾ ਤੇ ਨਾਲ ਉਹ ਤਕਰੀਰ ਵੀ ਕਰੇਗਾ ਕਿ ਸ਼ਸ਼ੀ ਤੇ ਉਹਦੇ ਸਾਥੀ ਸਮਾਜ ਦੀ ਬੜੀ ਸੇਵਾ ਕਰ ਰਹੇ ਨੇ – ਤੇ ਇਸੇ ਤਰ੍ਹਾਂ ਸੇਵਾ ਕਰਦੇ ਰਹੇ ਤਾਂ ਦੇਸ਼ ਬੜੀ ਤਰੱਕੀ ਕਰੇਗਾ... ਸਭ ਲੁੱਚੇ – ਇਕ ਨੰਬਰ ਦੇ ਲੁੱਚੇ – ਹਾਂ ਤੇ ਭਾਬੀ ਚਾਹ ਲਈ ਸ਼ੁਕਰੀਆ – ਹਾਂ ਤੇ ਭਤੀਜੇ ਉਸ ਸ਼ਸ਼ੀ ਦੇ ਚੱਕਰ ਵਿਚ ਨਾ ਪਈਂ – ਉਹ ਲੁੱਚਾ – ਉਹਦਾ ਬਾਪ ਲੁੱਚਾ – ਉਹਦਾ ਖਾਨਦਾਨ ਲੁੱਚਾ...

(ਤੇ ਇਹ ਕਹਿੰਦੇ ਕਹਿੰਦੇ ਬਾਹਰ ਜਾਂਦਾ ਹੈ।)

ਬੀਜੀ : ਨਿਰਾ ਢੰਡੋਰਾ... ਤੇ ਤੇਰੇ ਭਾਪਾ ਜੀ ਨੇ ਵੀ ਇਹਦੇ ਨਾਲ ਹੀ ਗੱਲ ਕਰਨੀ ਸੀ ਅਖੇ ਬਦਰੀ ਨਾਥ ਵਜ਼ੀਰ ਮੇਰਾ ਦੋਸਤ ਰਿਹਾ ਹੈ – ਇਨ੍ਹਾਂ ਨੇ ਹੁਣ ਖੰਭਾਂ ਦੀਆਂ ਡਾਰਾਂ ਬਨਾਉਣੀਆਂ ਨੇ – ਹੁਣ ਮੁਹੱਲੇ ਵਿਚ ਗੱਲਾਂ ਉਡਾਂਦਾ ਫਿਰੇਗਾ। ਜੇ ਕੰਮ ਬਣਨਾ ਵੀ ਹੋਇਆ ਤਾਂ ਨਹੀਂ ਬਣੇਗਾ।

ਬਿੰਦਰ : ਤੁਸੀਂ ਬੀਜੀ ਐਵੇਂ ਫਿਕਰ ਕਰਦੇ ਓ, ਚਾਚਾ ਜੀ ਕਦੀ ਵੀ ਭਾਪਾ ਜੀ ਬਾਰੇ ਮਾੜੀ ਗੱਲ ਨਹੀਂ ਕਰਦੇ। ਸਗੋਂ ਮੁਹੱਲੇ ਵਾਲੇ ਲੋਕ ਤਾਂ ਗਿਲਾ ਕਰਦੇ ਨੇ ਕਿ ਭਾਪਾ ਜੀ ਨੇ ਪਤਾ ਨਹੀਂ ਚਾਚੇ ਦੇ ਸਿਰ ਕੀ

ਧੂੜਿਆ ਏ ? ਮੁਹੱਲੇ ਵਿਚ ਤਾਂ ਚਾਚਾ ਜੀ ਹੋਰ ਕਿਸੇ ਦਾ ਵੀ ਲਿਹਾਜ਼ ਨਹੀਂ ਕਰਦੇ।

ਬੀਜੀ : ਆਹੋ ਬੜਾ ਲਿਹਾਜ਼ ਕਰਦਾ ਏ – ਨਾਲੇ ਚਾਹ ਪੀ ਗਿਆ ਏ ਤੇ ਨਾਲੇ ਗੱਲਾਂ ਗੱਲਾਂ ਵਿਚ ਸੌ ਟਾਂਚਾਂ ਲਾ ਗਿਆ ਏ, ਅੱਛਾ ਹੁਣ ਤੂੰ ਵੀ ਕੁਝ ਖਾ ਪੀ ਲੈ – ਸਵੇਰ ਦਾ ਬੈਠਾ ਏ।

ਬਿੰਦਰ : ਬਸ ਇਹ ਅਰਜ਼ੀ ਲਿਖ ਲਵਾਂ

*(ਅਰਜ਼ੀ ਲਿਖਣ ਬੈਠਦਾ ਹੈ ਤੇ ਹੌਲੇ ਹੌਲੇ ਫੇਡ ਆਊਟ।)*

(ਰੋਸ਼ਨੀ ਹੋਣ 'ਤੇ ਭਾਪਾ ਜੀ ਕਪੜੇ ਲਾਂਦੇ ਦਿਸਦੇ ਹਨ, ਜਿਸ ਤਰ੍ਹਾਂ ਹੁਣੇ ਹੁਣੇ ਬਾਹਰੋਂ ਆਏ ਹਨ।)

ਬੀਜੀ : ਨਾ ਫੇਰ ਉਸਨੇ ਕੀ ਕਿਹਾ ? ਤੁਹਾਨੂੰ ਪਛਾਣਿਆ ਕਿ ਨਾ ?

ਭਾਪਾ ਜੀ : ਬੜੀ ਚੰਗੀ ਤਰ੍ਹਾਂ ਪਛਾਣਿਆ, ਕੁਰਸੀ ਤੋਂ ਉੱਠਕੇ ਗਲਵਕੜੀ ਵਿਚ ਲਿਆ।

ਬੀਜੀ : ਵੇਖਿਆ ਤੁਸੀਂ ਜਾਂਦੇ ਹੀ ਨਹੀਂ ਸੀ ਕਿ ਪਤਾ ਨਹੀਂ ਪਛਾਣੇ ਕਿ ਨਾ ਪਛਾਣੇ – ਤੇ ਉਹਨੇ ਤੁਹਾਨੂੰ ਗਲਵਕੜੀ ਵਿਚ ਲਿਆ ਤੇ ਫੇਰ ?

ਭਾਪਾ ਜੀ : ਤੇ ਫੇਰ ਜਿਹੜੇ ਸੈਕਟਰੀ ਵਗੈਰਾ ਫਾਈਲਾਂ ਲੈ ਕੇ ਖੜੇ ਸਨ, ਕਹਿਣ ਲਗਾ ਪੰਜ ਮਿੰਟ ਮੈਨੂੰ ਮੁਆਫ ਕਰਨਾ – ਮੇਰਾ ਜਿਗਰੀ ਦੋਸਤ ਆਇਆ ਏ, ਮੁਦਤਾਂ ਬਾਅਦ ਮਿਲਿਆ ਏ, ਸੈਕਟਰੀ ਸਾਰੇ ਮੇਰੇ ਵੱਲ ਬੜੇ ਸਤਿਕਾਰ ਨਾਲ ਵੇਖਦੇ ਬਾਹਰ ਚਲੇ ਗਏ – ਮਿੰਟਾ ਵਿਚ ਚਾਹ ਤੇ ਹੋਰ ਬਹੁਤ ਕੁਝ ਖਾਣ ਲਈ ਆ ਗਿਆ।

ਬੀਜੀ : ਅੱਛਾ ਤੁਹਾਡੀ ਏਨੀ ਇਜ਼ਤ ਕੀਤੀ। ਮੈਨੂੰ ਤਾਂ ਪਹਿਲੇ ਹੀ ਪਤਾ ਸੀ ਕਿ ਤੁਹਾਡੀ ਉਥੇ ਇਜ਼ਤ ਹੋਵੇਗੀ ਤੇ ਤੁਸੀਂ ਜਾਂਦੇ ਹੀ ਨਹੀਂ ਸੀ। ਹੁਣ ਦਸੋ...

ਭਾਪਾ ਜੀ : ਫੇਰ ਉਹਨੇ ਬਚਪਨ ਦੀਆਂ ਗੱਲਾਂ ਛੋਹ ਲਈਆਂ। ਮਾਸਟਰ ਮਸਤ ਰਾਮ ਨੇ ਸਾਨੂੰ ਸਾਰਿਆਂ ਨੂੰ ਕਿੰਝ ਕੰਨ ਪਕੜਵਾਏ। ਉਹਦਾ ਡਰ ਨਾਲ ਪਜਾਮਾ ਗਿਲਾ ਹੋ ਗਿਆ ਸੀ।

ਬੀਜੀ : ਹੁਣ ਤਾਂ ਉਹ ਦੂਜਿਆਂ ਦੇ ਪਜਾਮੇ ਗਿਲੇ ਕਰਦਾ ਏ।

ਭਾਪਾ ਜੀ : ਸੁਣ ਤਾਂ ਸਹੀ, ਫੇਰ ਆਪ ਕਹਿਣ ਲਗਾ, ਸੁਜਾਨ ਸਿੰਘ ਕੋਈ ਸੇਵਾ ਦਸ, ਹੁਣ ਤਾਂ ਮੈਂ ਇਸ ਪੁਜੀਸ਼ਨ ਵਿਚ ਹਾਂ ਕਿ ਦੋਸਤਾਂ ਮਿੱਤਰਾਂ ਦੀ ਕੋਈ ਸੇਵਾ ਕਰ ਸਕਾਂ।

ਬੀਜੀ : ਲਓ ਤੁਹਾਨੂੰ ਉਹਦੀ ਦੋਸਤੀ 'ਤੇ ਸ਼ੱਕ ਸੀ।

ਭਾਪਾ ਜੀ : ਮੈਂ ਕੁਝ ਸੋਚੀਂ ਪੈ ਗਿਆ ਕਿ ਕੁਝ ਆਖਾਂ ਜਾਂ ਨਾ ਆਖਾਂ ?

ਬੀਜੀ : ਇਸ ਵਿਚ ਸੋਚੀਂ ਪੈਣ ਵਾਲੀ ਕਿਹੜੀ ਗੱਲ ਸੀ ? ਜਿਹੜੇ ਕੰਮ ਗਏ ਸੀ ਦਸ ਦੇਣਾ ਸੀ, ਉਹਦੇ ਵਿਚ ਸ਼ਰਮ ਕਾਹਦੀ ?

ਭਾਪਾ ਜੀ : ਨਹੀਂ ਮੈਂ ਸੋਚੀ ਪੈ ਗਿਆ, ਕਿਧਰੇ ਇਹ ਨਾ ਆਖੇ ਕਿ ਕਿਤਨਾ ਮਤਲਬ ਪ੍ਰਸਤ ਹਾਂ – ਏਨੇਂ ਸਾਲਾਂ ਬਾਅਦ ਮਿਲਿਆ ਹਾਂ ਤੇ ਮਿਲਦਿਆਂ ਹੀ ਆਪਣਾ ਕੰਮ ਦਸ ਦਿੱਤਾ। ਪਰ ਉਹਨੇ ਆਪ ਹੀ ਕਿਹਾ ਕਿ ਸੁਜਾਨ ਸਿੰਘ ਸੋਚਦਾ ਕਿਉਂ ਏ – ਸਾਫ ਸਾਫ ਦਸ – ਕੰਮ ਤੇ ਕੁਝ ਜ਼ਰੂਰ ਹੋਣਾ ਏ।

ਬੀਜੀ : ਇਹ ਹੋਈ ਨਾ ਵਡਿਆਂ ਬੰਦਿਆਂ ਵਾਲੀ ਗੱਲ ਕਿ ਅਗਲੇ ਨੂੰ ਨੀਵਾਂ ਨਾ ਹੋਣਾ ਪਏ।

ਬਿੰਦਰ : ਬੀਜੀ ਸਾਰੀ ਗੱਲ ਤਾਂ ਸੁਣ ਲੈਣ ਦੇਵੋ।

ਭਾਪਾ ਜੀ : ਫੇਰ ਮੈਂ ਦਸਿਆ ਕਿ ਆਪਦਾ ਬਿੰਦਰ ਏ – ਬੀ.ਏ. ਚੰਗੇ ਨੰਬਰਾਂ 'ਤੇ ਪਾਸ ਹੋਇਆ ਏ – ਟਾਈਪ ਤੇ ਸ਼ਾਰਟਹੈਂਡ ਵੀ ਸਿੱਖਿਆ ਹੋਇਆ ਏ। ਅਗੋਂ ਪੜ੍ਹਾਉਣ ਦੀ ਤੋਫੀਕ ਨਹੀਂ, ਇਸ ਲਈ ਉਹਦੀ ਨੌਕਰੀ ਵਾਸਤੇ ਆਖਣ ਆਇਆ ਹਾਂ।

ਬੀਜੀ : ਫੇਰ ਉਸਨੇ ਝੱਟ ਕਿਹਾ ਹੋਣਾ ਏ ਲੈ ਏਨੀ ਮਾਮੂਲੀ ਗੱਲ ਪਿਛੇ ਇਤਨੀ ਝਿੱਜਕ ਕਿਉਂ ?

ਭਾਪਾ ਜੀ : ਨਹੀਂ, ਇਹ ਸੁਣਕੇ ਉਹ ਸੋਚੀਂ ਪੈ ਗਿਆ ਤੇ ਕਹਿਣ ਲੱਗਾ ਕਿ ਨੌਕਰੀ ਵਾਸਤੇ ਤਾਂ ਬੜਾ ਵੱਡਾ ਚੱਕਰ ਏ Employment Exchange ਵਿਚ ਵਾਰੀ ਨਾਲ ਨਾਂ ਕਢਵਾਣਾ – ਜਾਂ ਬੋਰਡ ਦੇ ਇਮਤਿਹਾਨ ਦਾ – ਕੋਈ ਵਾਰੀ ਤੋਂ ਪਹਿਲਾਂ ਕਰ ਦੇਈਏ ਤਾਂ ਰੌਲਾ ਪੈ ਜਾਂਦਾ ਏ। ਅਸੈਂਬਲੀ ਵਿਚ ਸਵਾਲ ਹੋ ਜਾਂਦਾ ਏ – ਵਿਰੋਧੀ ਧਿਰ ਵਾਲੇ ਤਾਂ ਇਸ ਤਾੜ ਵਿਚ ਹੁੰਦੇ ਨੇ ਕਿ ਮੌਥਾ ਲਭੇ ਤਾਂ ਸਰਕਾਰ ਨੂੰ ਨੀਵਾਂ ਵਿਖਾਈਏ।

ਬੀਜੀ : (ਮਾਯੂਸ ਹੋਕੇ) ਐਵੇਂ ਬਹਾਨੇ – ਜੇਕਰ ਕੰਮ ਕਰਨਾ ਹੋਵੇ ਤਾਂ ਸੌ ਰਾਹ ਲਭ ਜਾਂਦੇ ਨੇ – ਬਸ ਚਾਹ ਪਿਆਲ, ਮਿੱਠੇ ਬੋਲ ਬੋਲਕੇ ਦਸ ਦਿੱਤੇ ਅਖੇ ਮਾਸਟਰ ਮਸਤ ਰਾਮ ਕੰਨ ਪਕੜਾਕੇ ਪਜਾਮਾ ਗਿਲਾ ਕਰਵਾ ਦੇਂਦਾ ਸੀ।

ਭਾਪਾ ਜੀ : ਸੁਣ ਤਾਂ ਸਹੀ ਅਗੋਂ ਕੀ ਹੋਇਆ।

ਬਿੰਦਰ : ਹੁਣ ਭਾਪਾ ਜੀ ਅਗੇ ਕੀ ਹੋਣਾ ਏ, ਜੋ ਹੋਣਾ ਸੀ ਹੋ ਗਿਆ।

ਭਾਪਾ ਜੀ : ਕਹਿਣ ਲਗਾ ਮੈਂ ਇਕ ਤਰੀਕੇ ਨਾਲ ਤੇਰੀ ਮਦਦ ਕਰ ਸਕਦਾ ਹਾ। ਸਰਕਾਰ ਨੇ ਇਕ ਸਕੀਮ ਬਣਾਈ ਏ ਤੇ ਉਹ ਫਰੀਡਮ ਫਾਈਟਰਜ਼ ਨੂੰ ਪੈਨਸ਼ਨਾਂ ਦੇ ਰਹੀ ਏ। ਤਾਮਰ ਪਤ੍ਰ ਵੀ ਦੇ ਰਹੀ ਏ ਤੇ ਉਸ

ਸਿਲਸਲੇ ਵਿਚਉਹ ਮੇਰੀ ਕੋਈ ਮਦਦ ਕਰ ਸਕਦਾ ਏ।

ਬਿੰਦਰ : ਪਰ ਭਾਪਾ ਜੀ ਤੁਸੀਂ ਤਾਂ ਫਰੀਡਮ ਫਾਈਟਰ ਕੋਈ ਨਹੀਂ ਰਹੇ, ਨਾ ਤੁਸੀਂ ਜੇਲ੍ਹ ਵਿਚ ਗਏ ਸੀ।

ਭਾਪਾ ਜੀ : ਮੈਂ ਵੀ ਇਹ ਗੱਲ ਉਹਨੂੰ ਆਖੀ – ਕਹਿਣ ਲਗਾ ਸੁਜਾਨ ਸਿੰਘ ਤੂੰ ਸਾਰੀ ਉਮਰ ਇਕ ਪੈਸੇ ਦੀ ਹੇਰਾ ਫੇਰੀ ਨਹੀਂ ਕੀਤੀ, ਵਿਦਿਆਰਥੀਆਂ ਨੂੰ ਏਨੀ ਇਮਾਨਦਾਰੀ ਨਾਲ ਪੜ੍ਹਾਇਆ ਏ, ਹੁਣ ਉਹ ਉਚਿਆਂ ਅਹੁਦਿਆਂ ’ਤੇ ਤਾਇਨਾਤ ਨੇ, ਇਸ ਤੋਂ ਭਲਾ ਵੱਡੀ ਹੋਰ ਦੇਸ਼ ਦੀ ਕੀ ਸੇਵਾ ਹੋ ਸਕਦੀਏ ? ਕਹਿਣ ਲਗਾ ਬਸ ਮੈਂ ਇਸ ਫਾਰਮ ਤੇ ਦਸਖਤ ਕਰ ਦੇਵਾਂ ਬਾਕੀ ਉਹ ਆਪੇ ਤਸਦੀਕ ਕਰ ਦੇਵੇਗਾ। ਜੇਲ੍ਹ ਪੀਰੀਅਡ ਦਾ ਸਰਟੀਫਿਕੇਟ ਵੀ ਦੇ ਦੇਵੇਗਾ, ਰੀਕਾਰਡ ਤਾਂ ਸਾਰਾ ਪਾਕਿਸਤਾਨ ਰਹਿ ਗਿਆ ਏ।

ਬੀਜੀ : ਕਿੰਨੀ ਪੈਨਸ਼ਨ ਏ ?

ਭਾਪਾ ਜੀ : ਦੋ ਢਾਈ ਸੋ ਤੋਂ ਕੀ ਘੱਟ ਹੋਣੀ ਏ ?

ਬੀਜੀ : ਚਲੋ ਸ਼ੁਕਰ ਏ ਏਨੀ ਦਇਆ ਤਾਂ ਉਹਦੇ ਦਿਲ ਵਿਚ ਆਈ।

ਭਾਪਾ ਜੀ : ਮੈਂ ਉਹਦੇ ਮੂੰਹ ’ਤੇ ਤਾਂ ਕੁਝ ਨਹੀਂ ਆਖ ਸਕਿਆ ਪਰ ਸਾਰੇ ਰਸਤੇ ਇਸਦੇ ਬਾਰੇ ਸੋਚਦਾ ਆਇਆ ਹਾਂ।

ਬੀਜੀ : ਇਸ ਵਿਚ ਸੋਚਣ ਵਾਲੀ ਕਿਹੜੀ ਗੱਲ ਏ ? ਲੋਕ ਏਨਾ ਕੁਝ ਸਰਕਾਰ ਕੋਲੋਂ ਲੈ ਰਹੇ ਨੇ। ਕੀ ਹੋਇਆ ਜੇਲ੍ਹ ਨਹੀਂ ਗਏ, ਪਰ ਤੁਸੀਂ ਸੇਵਾ ਵੱਲੋਂ ਤਾਂ ਕੋਈ ਘੱਟ ਨਹੀਂ ਕੀਤੀ ਸੀ।

ਭਾਪਾ ਜੀ : ਕੀ ਸੇਵਾ ਕੀਤੀ ਏ, ਕੁਝ ਵੀ ਨਹੀਂ, ਜਦੋਂ ਮੈਂ ਬਿੰਦਰ ਜਿੰਨਾ ਹੁੰਦਾ ਸਾਂ, ਉਹਨਾਂ ਦਿਨਾਂ ਵਿਚ ਹੀ ਤਾਂ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਲਗੀ ਸੀ।

ਬੀਜੀ : ਤੁਸੀਂ ਦੱਸਿਆ ਸੀ ਕਿ ਲਹੌਰ ਦੀਆਂ ਗਲੀਆਂ ਵਿਚ ਤੁਸੀਂ ਨਾਅਰੇ ਮਾਰਦੇ ਪੁਲਸ ਕੋਲੋਂ ਲਾਠੀਆਂ ਖਾਧੀਆਂ ਸਨ।

ਭਾਪਾ ਜੀ : ਲਾਠੀਆਂ ਖਾਧੀਆਂ ਸਨ, ਪਰ ਜੇਲ੍ਹ ਤਾਂ ਨਹੀਂ ਗਿਆ ਸਾਂ, ਕੁਝ ਨੂੰ ਉਹਨਾਂ ਜ਼ਰੂਰ ਫੜ ਲਿਆ ਸੀ, ਪਰ ਅਸੀਂ ਬਚ ਗਏ ਸਾਂ।

ਬਿੰਦਰ : ਉਹ ਕਿਸ ਤਰ੍ਹਾਂ ਭਾਪਾ ਜੀ ?

ਭਾਪਾ ਜੀ : ਬਸ ਇਹ ਸਮਝ ਲਵੋ ਕਿ ਉਹ ਪੁਲਸ ਵਾਲੀ ਵੈਨ ਭਰ ਗਈ ਸੀ, ਜਿਨੇ ਕੁ ਉਹ ਅੰਦਰ ਤੁੰਨ ਸਕਦੇ ਸਨ ਉਹ ਤਾਂ ਉਹਨਾਂ ਨੇ ਤੁੰਨ ਹੀ ਲਏ।

ਬੀਜੀ : ਹੁਣ ਇਹ ਤੁਹਾਡਾ ਤਾਂ ਕਸੂਰ ਨਹੀਂ ਕਿ ਉਹਨਾਂ ਨੇ ਫੜਿਆ ਨਹੀਂ; ਤੁਸੀਂ ਤਾਂ ਆਪਣੇ ਵੱਲੋਂ ਘੱਟ ਨਹੀਂ ਕੀਤੀ ਸੀ।

ਭਾਪਾ ਜੀ : ਹਾਂ ਜੇ ਮੈਨੂੰ ਉਹ ਫੜ ਲੈਂਦੇ, ਜੇਲ੍ਹ ਵਿਚ ਭੇਜ ਦੇਂਦੇ ਤਾਂ ਮੈਂ ਖੁਸ਼ੀ ਖੁਸ਼ੀ ਚਲੇ ਜਾਣਾ ਸੀ ਪਰ ਇਹ ਪੈਨਸ਼ਨ ਤਾਂ ਉਹਨਾਂ ਲਈ ਏ ਜੋ ਜੇਲ੍ਹ ਗਏ ਸੀ।

ਬੀਜੀ : ਤੁਸੀਂ ਇਸਨੂੰ ਪੈਨਸ਼ਨ ਕਿਉਂ ਸਮਝਦੇ ਹੋ ? ਤੁਸੀਂ ਇਹੀ ਸਮਝੋ ਕਿ ਸਰਕਾਰ ਤੁਹਾਡੀ ਮਦਦ ਕਰ ਰਹੀ ਏ, ਆਖਰ ਸਰਕਾਰ ਦੀ ਵੀ ਕੋਈ ਜ਼ਿੰਮੇਵਾਰੀ ਏ ? ਨਾ ਦੇਵੇ ਪੈਨਸ਼ਨ ਫੇਰ ਬਿੰਦਰ ਨੂੰ ਨੌਕਰੀ ਦੇ ਦੇਵੇ – ਨਾ ਨੌਕਰੀ ਨਾ ਪੈਨਸ਼ਨ। ਬਿੰਦਰ ਦੀ ਨੌਕਰੀ ਲਗ ਜਾਏ, ਆਪਣੇ ਆਪ ਬੰਦ ਕਰ ਦੇਣ – ਚਲੋ ਜਿਹੜੀ ਰਕਮ ਲਈ ਹੋਈ ਉਹ ਵੀ ਹੌਲੇ ਹੌਲੇ ਕਿਸ਼ਤਾਂ ਵਿਚ ਵਾਪਸ ਕਰ ਦੇਵਾਂਗੇ। ਕਿਥੇ ਜੇ ਉਹ ਫਾਰਮ ? ਬਿੰਦਰ ਉਹ ਫੜਾਈ ਪੈਨ ਦਸਖਤ ਤਾਂ ਕਰਨ ਫੇਰ ਵੇਖੀ ਜਾਏਗੀ।

ਭਾਪਾ ਜੀ : ਪਰ...

ਬੀਜੀ : ਪਰ ਪੁਰ ਕੁਝ ਨਹੀਂ।

(ਬਿੰਦਰ ਕਲਮ ਫੜਦਾ ਹੈ, ਉਹ ਮੇਜ਼ 'ਤੇ ਬੈਠਕੇ ਦਸਖਤ ਕਰਦਾ ਹੈ ਤੇ ਫੇਰ ਦਰਾਜ਼ ਵਿਚੋਂ ਡਾਇਰੀ ਕੱਢਦਾ ਹੈ।)

ਭਾਪਾ ਜੀ : ਅੱਜ ਮੈਨੂੰ ਇਕ ਫਾਰਮ ਦਿੱਤਾ ਗਿਆ, ਜਿਸ ਉਤੇ ਦਸਖਤ ਕਰਕੇ ਮੈਂ ਦੇਸ਼ ਭਗਤਾਂ ਵਿਚ ਸ਼ਾਮਲ ਹੋ ਗਿਆ ਹਾਂ, ਜਿਨ੍ਹਾਂ ਦਾ ਸ਼ੁਮਾਰ Freedom Fighters ਵਿਚ ਹੁੰਦਾ ਹੈ। ਮੈਂ ਬਿੰਦਰ ਨੂੰ ਨੌਕਰੀ ਨਹੀਂ ਦਿਵਾ ਸਕਿਆ ਪਰ ਮੇਰੇ ਗਲ ਵਿਚ Freedom Fighter ਦਾ ਪੱਟਾ ਜ਼ਰੂਰ ਪੈ ਗਿਆ ਏ।

*(ਫੇਡ ਆਊਟ)*

(ਰੋਸ਼ਨੀ ਹੋਣ 'ਤੇ ਭਾਪਾ ਜੀ ਇਕ ਕਿਤਾਬ ਪੜ੍ਹ ਰਹੇ ਨੇ – ਬੀਜੀ ਆਪਣੇ ਕੰਮ ਵਿਚ ਰੁਝੀ ਹੋਈ ਏ – ਜਦੋਂ ਬਾਹਰੋਂ ਅਵਤਾਰ ਸਿੰਘ ਆਉਂਦਾ ਹੈ।)

ਅਵਤਾਰ : ਭਾਈ ਸਾਹਿਬ, ਤੁਸੀਂ ਏਨੇ ਵੱਡੇ ਫਰੀਡਮ ਫਾਈਟਰ ਤੇ ਸਾਨੂੰ ਇਹਦਾ ਪਤਾ ਤੱਕ ਨਹੀਂ ਲਗਾ।

ਭਾਪਾ ਜੀ : ਹੁਣ ਤਾਂ ਪਤਾ ਲਗ ਗਿਆ ?

ਅਵਤਾਰ : ਅਹਾ ਕਿਹਾ ਠਾਠ, ਵਜ਼ੀਰ ਸਾਹਿਬ ਨੇ ਤਾਮਰ ਪਤ੍ਰ ਆਪਣੇ ਹੱਥਾਂ ਨਾਲ ਦਿੱਤਾ ਤੇ ਕਿਹਾ ਇਹੋ ਜਿਹੇ ਮਹਾਨ ਲੋਕ ਤੁਹਾਡੇ ਦਰਮਿਆਨ ਰਹਿੰਦੇ ਨੇ। ਇਹ ਉਹ ਦੇਸ਼ ਭਗਤ ਨੇ ਜਿਨ੍ਹਾਂ ਨੇ ਦੇਸ਼ ਦੀ ਖਾਤਿਰ ਸਭ ਕੁਝ ਵਾਰ ਦਿੱਤਾ। ਆਪਣੇ ਵਾਸਤੇ ਕੁਝ ਵੀ ਨਹੀਂ ਰੱਖਿਆ। ਗਰੀਬੀ ਵਿਚ ਸਾਰੀ ਜ਼ਿੰਦਗੀ ਕੱਟਦੇ ਰਹੇ ਪਰ ਕਦੀ ਕੋਈ ਸ਼ਕਾਇਤ

ਨਹੀਂ ਕੀਤੀ। ਇਹਨਾਂ ਦਾ ਕੌਮ ਉਤੇ ਇਕ ਕਰਜ਼ਾ ਹੈ। ਸਮਾਂ ਆ ਗਿਆ ਹੈ ਕਿ ਕੌਮ ਇਸ ਕਰਜ਼ੇ ਨੂੰ ਲਾਹਵੇ। ਇਸ ਲਈ ਭਾਰਤ ਦੇ ਇਸ ਮਹਾਨ ਸਪੂਤ ਨੂੰ ਸਰਕਾਰ ਜਿਥੇ ਗੁਜ਼ਾਰਾ ਪੈਨਸ਼ਨ ਦੇ ਰਹੀ ਹੈ, ਉਥੇ ਇਹ ਤਾਮਰ ਪੱਤਰ ਉਹਨਾਂ ਦੇ ਸਤਕਾਰ ਵਜੋਂ ਦਿੱਤਾ ਜਾਂਦਾ ਹੈ – ਤਾਲੀਆਂ – ਹਾਂ ਤੇ ਭਾਬੀ ਸਾਡੀ ਦਿਸਦੀ ਹੀ ਨਹੀਂ..

*(ਆਉਂਦੀ ਹੋਈ)*

ਬੀਜੀ : ਕੀ ਗੱਲ ਏ ਰੌਲਿਆ ?

ਅਵਤਾਰ : ਹਾਂ ਤੇ ਇਹ ਉਹ ਮਹਾਨ ਔਰਤ ਏ, ਜਿਸਨੇ ਗਰੀਬੀ ਵਿਚ ਵੀ ਆਪਣੇ ਪਤੀ ਦਾ ਸਾਥ ਨਾ ਛੱਡਿਆ ਤੇ ਹਮੇਸ਼ਾਂ ਉਹਨਾਂ ਨੂੰ ਪ੍ਰੇਰਨਾ ਦਿੱਤੀ ਤੇ ਭਾਬੀ ਹੁਣ ਹੁਣ ਆਪਣੇ ਦਿਉਰ ਦਾ ਮੂੰਹ ਮਿੱਠਾ ਕਰਵਾਏਗੀ। ਇਹ ਉਹ ਔਰਤ ਏ ਜਿਸਨੇ ਕਿਸੇ ਲੋੜਵੰਦ ਨੂੰ ਆਪਣੇ ਦਰ ਤੋਂ ਖਾਲੀ ਨਹੀਂ ਜਾਣ ਦਿੱਤਾ।

ਬੀਜੀ : ਹੁਣ ਇਹ ਆਪਣੀ ਬਕੜਵਾਹ ਬੰਦ ਵੀ ਕਰੇਗਾ ?

ਅਵਤਾਰ : ਹੁਣੇ ਬੰਦ ਕਰਨਾ ਹਾਂ, ਪਰ ਭਾਈ ਸਾਹਿਬ ਤੱਕ ਸ਼ਕਾਇਤ ਜ਼ਰੂਰ ਕਰਾਂਗਾ ਕਿ ਤੁਸੀਂ ਆਪਣੀ ਮਹਾਨਤਾ ਇਸ ਨਾਚੀਜ਼ ਕੋਲੋਂ ਛੁਪਾਕੇ ਕਿਉਂ ਰੱਖੀ ? 'ਇਨਕਲਾਬ ਜ਼ਿੰਦਾਬਾਦ' ਤੋਂ ਲੈਕੇ 'ਜੈਹਿੰਦ' ਤੱਕ ਤੱਕ ਦੀ ਹਰ ਲਹਿਰ ਵਿਚ ਸਾਡੇ ਭਾਈ ਸਾਹਿਬ ਨੇ ਹਿੱਸਾ ਲਿਆ ਪਰ ਸਾਨੂੰ ਪਤਾ ਤੱਕ ਨਾ ਲਗਾ – ਲੋਕ ਕਹਿੰਦੇ ਨੇ ਇਹ ਕੋਈ ਪੈਨਸ਼ਨ ਦਾ ਚੱਕਰ ਏ – ਲੋਕ ਬਕਦੇ ਨੇ – ਉਹਨਾਂ ਦੀ ਬਕਨ ਦੀ ਆਦਤ ਏ – ਦੇਸ਼ ਭਗਤ ਜ਼ਿੰਦਾਬਾਦ – ਫਰੀਡਮ ਫਾਈਟਰ ਜ਼ਿੰਦਾਬਾਦ।

ਦੀਪ : ਲੈ ਇਹ ਆ ਗਈ ਤੇਰੀ ਚਾਹ ਤੇ ਇਹ ਤੇਰਾ ਮੂੰਹ ਮਿੱਠਾ – ਹੁਣ ਚੁੱਪ ਕਰ ਜਾ।

*(ਅਵਤਾਰ ਸਿੰਘ ਚਾਹ ਪੀਂਦਾ ਹੈ। ਬਿੰਦਰ ਸ਼ਸ਼ੀ ਨੂੰ ਨਾਲ ਲੈਕੇ ਆਉਂਦਾ ਹੈ।)*

ਬਿੰਦਰ : ਭਾਪਾ ਜੀ, ਇਹ ਸ਼ਸ਼ੀ ਏ.

ਭਾਪਾ ਜੀ : ਸ਼ਸ਼ੀ ?

ਸ਼ਸ਼ੀ : ਜੈ ਹਿੰਦ ਭਾਪਾ ਜੀ।

ਭਾਪਾ ਜੀ : ਜੈ ਹਿੰਦ ਬਰਖੁਦਾਰ।

ਸ਼ਸ਼ੀ : ਭਾਪਾ ਜੀ ਸਾਨੂੰ ਬੜੀ ਖੁਸ਼ੀ ਹੋਈ ਏ, ਸਾਡਾ ਸਿਰ ਮਾਨ ਨਾਲ ਉੱਚਾ ਹੋਇਆ ਹੈ ਕਿ ਤੁਸੀਂ ਸਾਡੇ ਮੁਹੱਲੇ ਵਿਚ ਰਹਿਣ ਵਾਲੇ ਹੋ ?

ਭਾਪਾ ਜੀ : ਸ਼ੁਕਰੀਆ, ਬਰਖੁਦਾਰ ਇਹ ਦਸੋ ਕਿਸ ਤਰ੍ਹਾਂ ਆਏ ਹੋ ?

ਸ਼ਸ਼ੀ : ਅਸੀਂ ਤੁਹਾਡੇ ਸਨਮਾਨ ਲਈ ਇਕ ਜਲਸਾ ਕਰਨਾ ਚਾਹੁੰਦੇ ਹਾਂ। ਇਹਦੇ ਲਈ ਤੁਹਾਡੀ ਪ੍ਰਵਾਨਗੀ ਲੈਣ ਆਏ ਹਾਂ।

ਭਾਪਾ ਜੀ : ਇਹਦੇ ਵਿਚ ਪਰਵਾਨਗੀ ਦੀ ਕੀ ਲੋੜ ਏ, ਮੈਂ ਤਾਂ ਤੁਹਾਡਾ ਅਦਨਾ ਜਿਹਾ ਸੇਵਕ ਹਾਂ, ਜਦੋਂ ਕਵੋਂਗੇ ਹਾਜ਼ਰ ਹੋ ਜਾਂਗਾ।

ਬੀਜੀ : ਪਰ ਤੁਸੀਂ ਕੋਈ ਤਰੀਖ ਅਗਲੇ ਹਫਤੇ ਦੀ ਰੱਖ ਲੈਣੀ। ਇਸ ਹਫਤੇ ਇਹ ਬੜੇ ਰੁੱਝੇ ਹੋਏ ਨੇ। ਕਈਆਂ ਥਾਵਾਂ ਤੋਂ ਸੱਦੇ ਆਏ ਨੇ।

ਭਾਪਾ ਜੀ : ਪਰ...

ਬੀਜੀ : ਹਾਂ ਤੁਸੀਂ ਅਗਲੇ ਹਫਤੇ ਹੀ ਰੱਖ ਲੈਣਾ।

ਸ਼ਸ਼ੀ : ਫੇਰ ਆਉਂਦੇ ਸਨੀਚਰਵਾਰ ਠੀਕ ਏ। ਅਸੀਂ ਮੁਹੱਲੇ ਵਿਚ ਇਕ ਲਾਇਬਰੇਰੀ ਖੋਲਣੀ ਏ, ਉਹਦਾ ਉਦਘਾਟਨ ਵੀ ਤੁਹਾਡੇ ਜਹੇ ਕ੍ਰਾਂਤੀਕਾਰੀ ਦੇ ਸ਼ੁਭ ਹੱਥੀਂ ਕਰਵਾ ਲਵਾਂਗੇ।

ਭਾਪਾ ਜੀ : ਕ੍ਰਾਂਤੀਕਾਰੀ ?

ਸ਼ਸ਼ੀ : ਤੁਸੀਂ ਉਹਨਾਂ ਸ਼ਹੀਦਾਂ ਦੇ ਸਾਥੀਆਂ ਵਿਚੋਂ ਹੋ ਜਿਨ੍ਹਾਂ ਨੇ ਪਹਿਲੇ ਫਾਂਸੀ ਦੇ ਤਖਤੇ 'ਤੇ ਇਨਕਲਾਬੀ ਜ਼ਿੰਦਾਬਾਦ ਦਾ ਨਾਅਰਾ ਲਾਇਆ ਤੇ ਦੇਸ਼ ਵਿਚ ਕ੍ਰਾਂਤੀ ਦੀ ਨੀਂਹ ਰੱਖੀ।

ਭਾਪਾ ਜੀ : ਸ਼ਨਿਚਰਵਾਰ ਤੁਸੀਂ ਜਲਸਾ ਰੱਖ ਲੈਣਾ।

ਸ਼ਸ਼ੀ : ਬਹੁਤ ਬਹੁਤ ਧੰਨਵਾਦ, ਤੁਸੀਂ ਸਾਡਾ ਮਾਣ ਰੱਖ ਲਿਆ... ਜੈ ਹਿੰਦ।

ਭਾਪਾ ਜੀ : ਜੈ ਹਿੰਦ।

*(ਉਹ ਜਾਂਦੇ ਹਨ – ਉਹਨਾਂ ਦੇ ਜਾਣ ਦੇ ਬਾਅਦ)*

ਭਾਪਾ ਜੀ : ਇਹ ਸਭ ਕੁਝ ਕੀ ਹੋ ਰਿਹਾ ਏ ?

ਅਵਤਾਰ : ਕ੍ਰਾਂਤੀ ਹੋ ਰਹੀ ਏ। ਸਾਰੇ ਦੇਸ਼ ਵਿਚ ਕ੍ਰਾਂਤੀ ਹੋ ਰਹੀ ਏ – ਇਹਦਾ ਸਬੂਤ ਇਸ ਵਿਚ ਏ ਕਿ ਇਲਾਕੇ ਦੇ ਵੱਡੇ ਚੋਰ ਇਕ ਕ੍ਰਾਂਤੀਕਾਰੀ ਦਾ ਸਵਾਗਤ ਕਰ ਰਹੇ ਨੇ (ਪਿਆਲਾ ਰੱਖਦੇ ਹੋਏ) ਭਾਬੀ ਚਾਹ ਲਈ ਸ਼ੁਕਰੀਆ (ਜਾਂਦੇ ਹੋਏ) – ਕ੍ਰਾਂਤੀ ਜ਼ਿੰਦਾਬਾਦ – ਕ੍ਰਾਂਤੀਕਾਰੀ ਜ਼ਿੰਦਾਬਾਦ – ਭਾਈ ਸਾਹਿਬ ਜ਼ਿੰਦਾਬਾਦ – ਸਾਡੀ ਭਾਬੀ ਜ਼ਿੰਦਾਬਾਦ।

*(ਬਾਹਰ ਚਲਾ ਜਾਂਦਾ ਹੈ।)*

ਭਾਪਾ ਜੀ : ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਕਰ ਸਕਦਾ। ਮੈਂ ਇਸ ਭਾਰ ਥਲੇ ਦੱਬ ਜਾਵਾਂਗਾ। ਮੈਂ ਕੋਈ ਕ੍ਰਾਂਤੀਕਾਰੀ ਨਹੀਂ – ਤੂੰ ਉਹਨਾਂ ਨੂੰ ਕਿਹਾ ਮੈਂ ਇਸ ਹਫਤੇ ਰੁਝਿਆਂ ਹੋਇਆ ਹਾਂ ਪਰ ਮੈਂ ਕਿਥੇ ਰੁਝਿਆਂ ਹੋਇਆ ਹਾਂ।

ਬੀਜੀ : ਥੋੜ੍ਹਾ ਬਹੁਤਾ ਉਹਲਾ ਤਾਂ ਰੱਖਣਾ ਹੀ ਪੈਂਦਾ ਏ, ਇਹ ਤੁਹਾਡੀ

ਇਜ਼ਤ ਤੇ ਸਤਿਕਾਰ ਵਾਸਤੇ ਏ – ਹਰ ਵੱਡੇ ਬੰਦੇ ਲਈ ਇਹ ਜ਼ਰੂਰੀ ਏ ਕਿ ਉਹ ਜ਼ਾਹਰ ਕਰੇ ਕਿ ਉਹ ਬੜਾ ਰੁਝਿਆ ਹੋਇਆ ਏ, ਉਹਦੀ ਮਹਾਨਤਾ ਇਸੇ ਵਿਚ ਏ ਤੁਸੀਂ ਇਹ ਕਿਉਂ ਨਹੀਂ ਸਮਝਦੇ।

ਭਾਪਾ ਜੀ : ਹਾਂ ਉਹਦੀ ਮਹਾਨਤਾ ਇਸੇ ਵਿਚ ਏ ਪਰ ਮਹਾਨਤਾ ਜਤਲਾਂਦੇ ਜਤਲਾਂਦੇ ਭਾਵੇਂ ਉਹਦਾ ਮਜ਼ਾਕ ਬਣ ਜਾਏ – ਉਹ ਵੇਖਿਆ ਸੀ, ਅਵਤਾਰ ਕਿਸ ਤਰ੍ਹਾਂ ਟਿਚਕਰਾਂ ਕਰ ਰਿਹਾ ਸੀ।

ਬੀਜੀ : ਅਵਤਾਰ ਦੀ ਤਾਂ ਆਦਤ ਏ ਟਿਚਕਰ ਕਰਨ ਦੀ।

ਭਾਪਾ ਜੀ : ਮੈਂ ਥੋੜਾ ਥੋੜਾ ਕੰਮ ਅਗੇ ਲਾਇਬ੍ਰੇਰੀ ਦੀਆਂ ਕਿਤਾਬਾਂ ਦਾ ਕਰ ਲੈਂਦਾ ਸਾਂ – ਪਰ ਹੁਣ...

ਬੀਜੀ : ਲੈ ਹੁਣ ਉਹ ਕੰਮ ਕਾਹਨੂੰ ਕਰਨਾ ਹੋਇਆ।

ਭਾਪਾ ਜੀ : ਪਰ ਇਹ ਸਭ ਕੁਝ ਕਿੰਨੀ ਦੇਰ ਚੱਲੇਗਾ ?

ਬੀਜੀ : ਕਿੰਨੀ ਦੇਰ ਕਿਉਂ ? ਹੁਣ ਤਾਂ ਇਹ ਸਾਰੀ ਉਮਰ ਦੀ ਗੱਲ ਏ।

ਭਾਪਾ ਜੀ : ਹਾਂ ਇਹ ਸਾਰੀ ਉਮਰ ਦਾ ਰੋਗ ਏ।

*(ਬਿੰਦਰ ਆਉਂਦਾ ਹੈ।)*

ਭਾਪਾ ਜੀ : ਬਿੰਦਰ, ਇਹ ਸ਼ਸ਼ੀ ਕਿਸ ਤਰ੍ਹਾਂ ਤੁਹਾਡੇ ਮੁੰਡਿਆਂ ਦਾ ਆਗੂ ਬਣ ਗਿਆ ਏ – ਡਿਪੂ ਵਿਚ ਹਰ ਇਕ ਗੱਲ ਦੀ ਬੇਈਮਾਨ ਕਰਦਾ ਏ।

ਬਿੰਦਰ : ਭਾਪਾ ਜੀ, ਅਸੀਂ ਇਸ ਵਿਚ ਕੀ ਕਰ ਸਕਦੇ ਹਾਂ, ਬਥੇਰੀ ਦੁਨੀਆ ਬੇਈਮਾਨ ਏ।

ਭਾਪਾ ਜੀ : ਹਾਂ ਬਥੇਰੀ ਦੁਨੀਆ ਬੇਈਮਾਨ ਏ (ਹੌਲੇ ਜਹੇ) ਮੈਂ ਵੀ ਤਾਂ ਬੇਈਮਾਨ ਹਾਂ, ਨਹੀਂ ਮੈਂ ਤਾਂ ਦੇਸ਼ ਭਗਤ ਹਾਂ, ਫਰੀਡਮ ਫਾਈਟਰ ਜਿਸਨੂੰ ਤਾਮਰ ਪਤ੍ਰ ਮਿਲਿਆ ਹੈ, ਜਿਹੜਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸਾਥੀ ਰਿਹਾ ਹੈ।

ਬਿੰਦਰ : ਭਾਪਾ ਜੀ, ਉਸ ਜਲਸੇ ਵਿਚ ਤੁਸੀਂ ਤਕਰੀਰ ਵੀ ਕਰਨੀ ਏ, ਇਹਦੇ ਲਈ ਤਿਆਰੀ ਵੀ ਕਰਨੀ ਏ।

ਭਾਪਾ ਜੀ : ਕਿਹੋ ਜਹੀ ਤਿਆਰੀ ?

ਬਿੰਦਰ : ਇਕ ਤਾਂ ਸੰਨ 1926-40 ਤੱਕ ਦੀ ਆਜ਼ਾਦੀ ਦੀ ਲੜਾਈ ਤਾ ਇਤਿਹਾਸ ਤੁਹਾਨੂੰ ਪਤਾ ਹੋਣਾ ਚਾਹੀਦੈ।

ਭਾਪਾ ਜੀ : ਉਹ ਤਾਂ ਮੈਨੂੰ ਪਤਾ ਏ।

ਬਿੰਦਰ : ਤੇ ਹਰ ਇਕ ਘਟਨਾ ਨਾਲ ਥੋੜਾ ਬਹੁਤ ਆਪਣਾ ਜ਼ਾਤੀ ਤੁਅਲਕ ਜ਼ਰੂਰ ਦਸ ਦੇਣਾ।

ਭਾਪਾ ਜੀ : ਕੀ ਮਤਲਬ ?

ਬਿੰਦਰ : ਇਹੀ ਕਿ ਜਵਹਾਰ ਲਾਲ ਨਹਿਰੂ ਜੀ ਤੁਹਾਡੇ ਸ਼ਹਿਰ ਆਏ ਤੇ

ਤੁਹਾਡੇ ਘਰ ਆਏ ਤਾਂ ਰੋਟੀ ਖਾਂਦਿਆਂ ਉਹਨਾਂ ਕਿਹਾ...

ਭਾਪਾ ਜੀ : ਕੀ ਕਿਹਾ ?

ਬਿੰਦਰ : ਕਹਿ ਦੇਣਾ ਜਿਸ ਤਰ੍ਹਾਂ ਜਵਾਹਰ ਲਾਲ ਜੀ ਕਹਿੰਦੇ ਹੁੰਦੇ ਸਨ 'ਹਮਨੇ ਆਗੇ ਬੜ੍ਹਨਾ ਹੈ – ਬਹੁਤ ਕੁਰਬਾਨੀ ਦੇਣੀ ਹੈ, ਦੇਸ਼ ਕੇ ਲੀਏ' ਤੇ ਨਾਲ ਹੀ ਜਿਹੜੀ ਰੋਟੀ ਵੇਲੇ ਉਹਨਾਂ ਨੂੰ ਖੀਰ ਖਵਾਈ ਉਹਨਾਂ ਨੂੰ ਬੜੀ ਸੁਆਦ ਲਗੀ ਤੇ ਸੁਆਦ ਸੁਆਦ ਵਿਚ ਉਹਨਾਂ ਨੇ ਆਪਣੀਆਂ ਉਂਗਲਾਂ ਵੀ ਚੱਟ ਲਈਆਂ ਤੇ ਫੇਰ ਉਹਨਾਂ ਨੇ ਪੁਛਿਆ ਕਿ ਇਹ ਖੀਰ ਕਿਸਨੇ ਬਣਾਈ ਏ ਤੇ ਤੁਸੀਂ ਆਖਿਆ ਤੁਹਾਡੀ ਭਾਬੀ ਨੇ ਬਣਾਈ ਏ।

ਬੀਜੀ : ਪਰ ਮੈਂ ਤਾਂ ਉਥੇ ਹੈ ਹੀ ਨਹੀਂ ਸਾਂ।

ਭਾਪਾ ਜੀ : ਤੂੰ ਨਹੀਂ ਸੀ ਤਾਂ ਮੈਂ ਕਦੋ ਸਾਂ।

ਬਿੰਦਰ : ਮਾਂ ਇਹਨਾਂ ਗੱਲਾਂ ਨਾਲ ਬੰਦੇ ਦੀ ਬੜੀ ਮਹਾਨਤਾ ਵੱਧਦੀ ਏ।

ਭਾਪਾ ਜੀ : ਹਾਂ ਹੁਣ ਜਦੋਂ ਮਹਾਨ ਬਣ ਗਏ ਹਾਂ ਤਾਂ ਮਹਾਨਤਾ ਤਾਂ ਵਧਾਣੀ ਹੀ ਪਵੇਗੀ – ਬਿੰਦਰ ਬਰਖੁਦਾਰ ਤੂੰ ਮੈਨੂੰ ਕੋਈ ਚੰਗੀ ਜਿਹੀ ਕਿਤਾਬ ਲਿਆ ਦੇ, ਜਿਸ ਵਿਚ ਇਹ ਸਾਰੀਆਂ ਗੱਲਾਂ ਹੋਣ।

ਬਿੰਦਰ : ਅੱਛਾ ਭਾਪਾ ਜੀ – ਕਿਤਾਬਾਂ ਤਾਂ ਘਰ ਹੀ ਹਨ – ਜਿਹੜੀਆਂ ਤੁਸੀਂ ਜਿਲਦਾਂ ਲਈ ਲਿਆਏ ਹੋ – ਮੈਂ ਸਵੇਰੇ ਵੇਖੀਆਂ ਸਨ – ਦੇਸ਼ ਭਗਤਾਂ ਦੇ ਜੀਵਨ ।

ਬੀਜੀ : ਉਠ ਹੁਣ ਰੋਟੀ ਖਾ ਲਵੋ।

ਭਾਪਾ ਜੀ : ਹੁਣ ਰੋਟੀ ਖਾਣ ਦੀ ਕਿਥੇ ਵਿਹਲ ?

*(ਬਿੰਦਰ ਕਿਤਾਬਾਂ ਲਿਆਂਦਾ ਹੈ।)*

*(ਕਿਤਾਬਾਂ ਦੇਖਦਾ ਹੈ – ਵਰਕੇ ਫਰੋਲਦਾ ਹੈ। ਤੇ ਡਾਇਰੀ 'ਤੇ ਲਿਖਦਾ ਹੈ।)*

ਦੇਸ਼ ਭਗਤੀ ਦੇ ਪਹਿਲੇ ਦੌਰ ਦੀ ਸਿਖਲਾਈ ਸ਼ੁਰੂ ਹੋ ਗਈ ਏ ਤੇ ਮੇਰੇ ਪੁੱਤਰ ਨੇ ਇਸ ਸਿਖਲਾਈ ਵਿਚ ਬੜਾ ਹਿੱਸਾ ਪਾਇਆ ਹੈ।

*(ਕਿਤਾਬਾਂ ਵਿਚ ਰੁਝ ਜਾਂਦਾ ਹੈ, ਜਿਸ ਤਰ੍ਹਾਂ ਕੋਈ ਘੋਟਾ ਲਗਾ ਰਿਹਾ ਹੈ ਤੇ ਹੌਲੇ ਹੌਲੇ ਫੇਡ ਆਊਟ।)*

(ਰੋਸ਼ਨੀ ਹੋਣ 'ਤੇ ਭਾਪਾ ਜੀ ਤੇ ਬਿੰਦਰ ਦਰਵਾਜ਼ੇ ਤੋਂ ਅੰਦਰ ਆਉਂਦੇ ਦਿਸਦੇ ਹਨ।)

ਬਿੰਦਰ : ਬੀਜੀ ਅੱਜ ਭਾਪਾ ਜੀ ਨੇ ਤਾਂ ਕਮਾਲ ਹੀ ਕਰ ਦਿੱਤੀ। ਮੈਂ ਬੜੇ ਬੜੇ ਬੁਲਾਰੇ ਸੁਣੇ ਸਨ, ਪਰ ਇਹਨਾਂ ਦੀ ਤਕਰੀਰ ਅਗੇ ਤਾਂ ਸਾਰੇ ਮਾਤ

ਪੈ ਗਏ, ਤੇ ਬੀਜੀ ਜਦੋਂ ਭਾਪਾ ਜੀ ਨੇ ਮੋਮਬੱਤੀ ਵਾਲੀ ਘਟਨਾ ਸੁਣਾਈ ਤੇ ਕਮਾਲ ਹੀ ਹੋ ਗਿਆ। ਲੋਕਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ।

ਬੀਜੀ : ਮੋਮਬੱਤੀ ਵਾਲੀ ਕਿਹੜੀ ਘਟਨਾ ?

ਬਿੰਦਰ : ਕਿ ਕਿਸ ਤਰ੍ਹਾਂ ਭਾਪਾ ਜੀ ਨੇ ਭਗਤ ਸਿੰਘ ਤੇ ਹੋਰ ਸਾਥੀਆਂ ਨਾਲ ਬਲਦੀਆਂ ਮੋਮਬੱਤੀਆਂ 'ਤੇ ਹੱਥ ਰੱਖਕੇ ਕਸਮ ਖਾਧੀ ਕਿ ਉਹ ਆਜ਼ਾਦੀ ਦੀ ਸ਼ਮਾ 'ਤੇ ਆਪਣਾ ਤਨ ਮਨ ਧਨ ਸਭ ਕੁਝ ਵਾਰ ਦੇਣਗੇ।

ਬੀਜੀ : ਇਹਨਾਂ ਨੇ ਬਲਦੀ ਮੋਮਬੱਤੀ 'ਤੇ ਹੱਥ ਰੱਖਕੇ ਕਸਮ ਖਾਧੀ, ਇਹ ਤਾਂ ਚੁਲ੍ਹੇ ਦਾ ਸੇਕ ਨਹੀਂ ਬਰਦਾਸ਼ਤ ਕਰ ਸਕਦੇ ਤੇ ਇਹਨਾਂ ਨੇ ਬਲਦੀ ਮੋਮਬੱਤੀ 'ਤੇ ਹੱਥ ਰੱਖ ਦਿੱਤਾ ?

ਭਾਪਾ ਜੀ : ਬਿੰਦਰ ਦੀ ਮਾਂ, ਉਹ ਪੁਰਾਣੀਆਂ ਗੱਲਾਂ ਨੇ, ਹੁਣ ਅਸੀਂ ਦੇਸ਼ ਭਗਤ ਹਾਂ, ਦੇਸ਼ ਭਗਤ ਹੀ ਨਹੀਂ, ਕ੍ਰਾਂਤੀ ਕਾਰੀ ਹਾਂ – ਬਿੰਦਰ ਹੋਰ ਤਾਂ ਜਲਸੇ ਵਿਚ ਸਭ ਠੀਕ ਸੀ ਪਰ ਮੈਂ ਵੇਖਿਆ ਕਿ ਮੁਹੱਲੇ ਦੇ ਸਾਰੇ ਚੋਰ, ਸ਼ਹਿਰ ਦੇ ਸਾਰੇ ਬਲੈਕੀਏ ਸਟੇਜ 'ਤੇ ਚੜ੍ਹਕੇ ਬੈਠੇ ਸਨ, ਦੇਸ਼ ਭਗਤਾਂ ਦੀ ਸਟੇਜ 'ਤੇ ਇਹ ਸਭ ਕੁਝ ਠੀਕ ਨਹੀਂ ਲਗਿਆ।

ਬਿੰਦਰ : ਭਾਪਾ ਜੀ, ਉਹਨਾਂ ਨੇ ਬੈਠਣਾ ਤਾਂ ਹੋਇਆ, ਜਲਸੇ ਲਈ ਸਾਰੇ ਪੈਸੇ ਵੀ ਉਹਨਾਂ ਨੇ ਹੀ ਦਿੱਤੇ ਸਨ। ਮੁਹੱਲੇ ਦੇ ਲੋਕਾਂ ਦੇ ਇਕ–ਇਕ ਰੁਪਏ ਨਾਲ ਜਲਸੇ ਥੋੜ੍ਹੇ ਹੁੰਦੇ ਨੇ ?

ਭਾਪਾ ਜੀ : ਪਰ ਫੇਰ ਵੀ ਮੈਨੂੰ ਉਹਨਾਂ ਨਾਲ ਬੈਠਣਾ ਕੁਝ ਚੰਗਾ ਨਹੀਂ ਲਗਿਆ। ਤੇ ਖਾਸ ਕਰਕੇ ਉਹਨਾਂ ਨੇ ਜਦੋਂ ਮੈਨੂੰ ਹਾਰ ਪਾਏ ਤਾਂ ਮੈਨੂੰ ਬਹੁਤ ਹੀ ਬੁਰਾ ਲਗਿਆ। ਲੋਕ ਕੀ ਸੋਚਦੇ ਹੋਣਗੇ ਕਿ ਉਹ ਬੰਦਾ ਜਿਸਨੇ ਕਿਸੇ ਵੇਲੇ ਭਗਤ ਸਿੰਘ ਦੇ ਸਾਥ ਵਿਚ ਬਲਦੀਆਂ ਮੋਮਬੱਤੀਆਂ 'ਤੇ ਹੱਥ ਰੱਖਿਆ ਸੀ, ਉਹ ਹੁਣ ਬਲੈਕੀਆਂ ਕੋਲੋਂ ਗਲ ਵਿਚ ਹਾਰ ਪਵਾ ਰਿਹਾ ਏ। ਕੀ ਦੇਸ਼ ਭਗਤੀ ਦਾ ਮਿਆਰ ਏਨਾਂ ਡਿੱਗ ਪਿਆ ਏ?

ਬਿੰਦਰ : ਉਹ ਤਾਂ ਭਾਪਾ ਜੀ ਡਿੱਗ ਹੀ ਪਿਆ ਏ, ਇਸ ਵਿਚ ਅਸੀਂ ਤੁਸੀਂ ਕੀ ਕਰ ਸਕਦੇ ਹਾਂ ?

ਭਾਪਾ ਜੀ : ਕਿਉਂ ਨਹੀਂ ਕਰ ਸਕਦੇ ? ਸਾਨੂੰ ਕਰਨਾ ਚਾਹੀਦੈ – ਕੀ ਦੇਸ਼ ਭਗਤਾਂ ਨੇ ਕੁਰਬਾਨੀਆਂ ਇਸ ਲਈ ਦਿੱਤੀਆਂ ਸਨ ਕਿ ਆਜ਼ਾਦੀ ਆਉਣ 'ਤੇ ਸਮਾਜ ਵਿਚ ਹਰ ਚੋਰ ਉਚੱਕਾ ਚੌਧਰੀ ਹੋਵੇ।

ਬੀਜੀ : ਪਰ ਤੁਸੀਂ ਇਹ ਕਿਉਂ ਭੁਲਦੇ ਹੋ ਕਿ ਤੁਸੀਂ ਵੀ ਦੇਸ਼ ਭਗਤ ਅਸਲੀ

ਨਹੀਂ, ਸਿਰਫ ਕਾਗਜ਼ਾਂ ਵਿਚ ਏ।

ਭਾਪਾ ਜੀ : ਕੀ ਹੋਇਆ ਜੇ ਮੈਂ ਕਾਗਜ਼ਾਂ ਵਿਚ ਹੁਣ ਦੇਸ਼ ਭਗਤ ਹੋਇਆ ਹਾਂ, ਪਰ ਮੇਰਾ ਦਿਲ ਕਹਿੰਦਾ ਏ ਮੈਂ ਉਦੋਂ ਦਾ ਹੀ ਦੇਸ਼ ਭਗਤ ਹਾਂ, ਜਦੋਂ ਦੀ ਮੈਂ ਹੋਸ਼ ਸੰਭਾਲੀ ਹੈ। ਕੀ ਹੋਇਆ ਜੇ ਮੈਂ ਵਾਸਤਵ ਵਿਚ ਭਗਤ ਸਿੰਘ ਦੇ ਸਾਥ ਵਿਚ ਬਲਦੀ ਮੋਮਬੱਤੀ 'ਤੇ ਹੱਥ ਨਹੀਂ ਰੱਖਿਆ ਪਰ ਜੇ ਹੱਥ ਰੱਖਣ ਦਾ ਮੌਕਾ ਆਉਂਦਾ ਤਾਂ ਮੈਂ ਪਿਛੇ ਨਹੀਂ ਹੱਟਨਾ ਸੀ। ਯਕੀਨ ਮੰਨ ਬਿੰਦਰ ਜਦੋਂ ਮੈਂ ਅੱਜ ਇਹ ਘਟਨਾ ਸੁਣਾ ਰਿਹਾ ਸਾਂ ਤਾਂ ਮੈਨੂੰ ਉਂਝ ਹੀ ਲਗ ਰਿਹਾ ਸੀ ਕਿ ਮੈਂ ਵਾਕਈ ਬਲਦੀ ਮੋਮਬੱਤੀ 'ਤੇ ਹੱਥ ਰੱਖਿਆ ਏ ਤੇ ਉਹਦੇ ਜਲਨ ਦੀ ਸਾਰੀ ਪੀੜ ਮੈਂ ਆਪਣੇ ਵਿਚ ਸਮੋਂ ਲਈ ਏ (ਵਕਫਾ) ਅੱਜ ਤਾਂ ਜੋ ਹੋ ਗਿਆ ਹੋ ਗਿਆ, ਹੁਣ ਮੈਂ ਕਦੀ ਵੀ ਐਸੇ ਜਲਸੇ ਵਿਚ ਨਹੀਂ ਜਾਵਾਂਗਾ, ਜਿਥੇ ਇਹੋ ਜਿਹੇ ਲੋਕ ਚੌਧਰੀ ਹੋਣ, ਜਿੰਨਾਂ ਦਾ ਸਮਾਜਕ ਰੀਕਾਰਡ ਏਨਾਂ ਭੈੜਾ ਹੋਵੇ।

*(ਅਵਤਾਰ ਸਿੰਘ ਆਉਂਦਾ ਹੈ।)*

ਅਵਤਾਰ : ਜੈ ਹਿੰਦ ਭਾਈ ਸਾਹਿਬ, ਤੁਸੀਂ ਤਾਂ ਹੱਦ ਕਰ ਦਿੱਤੀ, ਤੁਸੀਂ ਕਦੀ ਵੀ ਸਾਨੂੰ ਨਹੀਂ ਦੱਸਿਆ ਕਿ ਤੁਸੀਂ ਬਲਦੀ ਮੋਮਬੱਤੀ 'ਤੇ ਹੱਥ ਰੱਖਿਆ – ਮੇਰਾ ਤਾਂ ਉਹ ਹੱਥ ਚੁਮਣ 'ਤੇ ਜੀ ਕਰਦਾ ਏ, ਜਿੰਨਾਂ ਨੇ ਸ਼ਮਾਂ-ਏ-ਆਜ਼ਾਦੀ 'ਤੇ ਆਪਣੇ ਆਪ ਨੂੰ ਸਾੜਿਆ – ਹਾਂ ਤੇ ਭਾਬੀ ਅੱਜ ਅਸੀਂ ਇਥੇ ਡੇਰਾ ਲਾ ਲਿਆ, ਅਸੀਂ ਤਾਂ ਉਹੋ ਖੀਰ ਖਾਣੀ ਏ, ਜਿਹੜੀ ਜਵਾਹਰ ਲਾਲ ਜੀ ਨੇ ਖਾ ਕੇ ਆਪਣੀਆਂ ਉਂਗਲਾਂ ਵੀ ਚੱਟ ਲਈਆਂ ਸਨ।

ਭਾਪਾ ਜੀ : (ਥਿੜਕਦਿਆਂ ਹੋਇਆਂ) ਖੀਰ ? ਹੁਣ ਅਵਤਾਰ ਉਹ ਦਿਨ ਕਿਥੇ ਰਹੇ, ਅਗੇ ਘਰ ਲਵੇਰੀਆਂ ਸਨ, ਖੀਰ ਮੱਠੀ ਅੱਗ 'ਤੇ ਰੱਖ ਦਿੱਤੀ, ਹੌਲੇ ਹੌਲੇ ਰਿਝਦੀ ਹੁੰਦੀ ਸੀ – ਫੇਰ ਨਾਲ ਕਈ ਕਿਸਮ ਦੀ ਸਮਗਰੀ ਪਾਈਦੀ ਸੀ, ਬਾਦਾਮ, ਸੋਗੀ। ਬਾਦਾਮ ਉਸ ਵੇਲੇ ਰੁਪਏ ਵਿਚ ਸੇਰ ਭਰ ਮਿਲ ਜਾਂਦੇ ਸਨ। ਨਾਲੇ ਉਸ ਵੇਲੇ ਵੱਡੇ ਤੋਂ ਵੱਡਾ ਲੀਡਰ ਵੀ ਇਕ ਮਾਮੂਲੀ ਵਰਕਰ ਦੇ ਘਰ ਰੋਟੀ ਖਾਣ ਆ ਜਾਂਦਾ ਸੀ।

ਅਵਤਾਰ : ਅਸੀਂ ਵੀ ਮਹਾਤਮਾ ਗਾਂਧੀ ਦੇ ਕਹੇ ਸਾਰੇ ਬਦੇਸ਼ੀ ਤੇ ਰੇਸ਼ਮੀ ਕਪੜੇ ਸਾੜ ਦਿੱਤੇ ਸਨ ਤੇ ਖੱਦਰ ਪਾ ਲਿਆ ਸੀ ਪਰ ਸੌਂ ਰੱਬ ਦੀ ਅਸੀਂ ਤਾਂ ਖੱਦਰ ਦਾ ਖੱਦਰ ਹੀ ਪਾਈ ਰੱਖਿਆ ਪਰ ਜਿਹੜੇ ਉਸ ਵੇਲੇ ਦੂਜਿਆਂ ਨੂੰ ਖੱਦਰ ਪਵਾਂਦੇ ਸਨ ਹੁਣ ਤਾਂ ਰੇਸ਼ਮ ਤੇ ਪੱਟ ਤੋਂ ਸਿਵਾ ਗੱਲ ਹੀ ਨਹੀਂ ਕਰਦੇ – ਸਮੇਂ ਸਮੇਂ ਦੀ ਖੇਡ ਏ – ਜਿਨਾਂ ਨੇ ਸਭ

ਕੁਝ ਲੁੱਟ ਖਾਧਾ, ਸਾਧਾਰਨ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੱਤਾ, ਉਹ ਹੁਣ ਵਡੇ ਦੇਸ਼ ਭਗਤਾਂ ਦੇ ਗਲਿਆਂ ਵਿਚ ਹਾਰ ਪਾਂਦੇ ਨੇ।

*(ਭਾਪਾ ਜੀ ਇਸ remark 'ਤੇ react ਕਰਦਾ ਹੈ।)*

ਬੀਜੀ : ਕਿਉਂ ਅਵਤਾਰ, ਤੂੰ ਇਹਨਾਂ ਦੀ ਤਕਰੀਰ ਸਾਰੀ ਸੁਣੀ ?

ਅਵਤਾਰ : ਸਾਰੀ ਸੁਣੀ, ਇਕ ਇਕ ਸ਼ਬਦ ਸੁਣਿਆ ਤੇ ਖੀਰ ਵਾਲੀ ਵੀ ਗੱਲ ਸੁਣੀ, ਤਾਂਹੀਓ ਤਾਂ ਨੱਸਿਆ ਨੱਸਿਆ ਆਇਆ ਹਾਂ।

ਬੀਜੀ : ਬਸ ਤੈਨੂੰ ਤਾਂ ਹਰ ਵੇਲੇ ਮੂੰਹ ਦਾ ਸੁਆਦ ਹੀ ਆਂਦਾ ਰਹਿੰਦਾ ਏ।

ਬਿੰਦਰ : ਲਗਦਾ ਏ ਸਾਡੀ ਚਾਚੀ ਨੇ ਖਵਾਇਆ ਨਹੀਂ ਕੁਝ।

ਅਵਤਾਰ : ਚਾਚੀ ਦੀ ਯਾਦ ਨਾ ਦੁਆ ਭਤੀਜੇ, ਉਹ ਜੀਂਦੇ ਜੀ ਬਹੁਤ ਕੁਝ ਖੁਆ ਗਈ ਏ, ਹਾਂ ਤੇ ਭਾਈ ਸਾਹਿਬ ਇਹ ਪੈਨਸ਼ਨ ਹੈ ਕਿੰਨੀ ?

ਭਾਪਾ ਜੀ : (ਥਿੜਕ ਕੇ) ਕੀ ਮਤਲਬ ?

ਅਵਤਾਰ : ਮੇਰਾ ਮਤਲਬ ਕਿੰਨੀ ਕੁ ਰਕਮ ਏ, ਜਿਸਦੇ ਆਸਰੇ ਲੋਕ ਕ੍ਰਾਂਤੀਕਾਰੀ ਬਣ ਜਾਂਦੇ ਨੇ।

ਭਾਪਾ ਜੀ : (ਥਿੜਕ ਕੇ) ਗੁਜ਼ਾਰੇ ਲਈ ਕਾਫੀ ਰਕਮ ਏ।

ਅਵਤਾਰ : ਕਾਫੀ ਹੀ ਹੋਣੀ ਏ – ਘਰ ਦਾ ਨਕਸ਼ਾ ਹੀ ਬਦਲ ਜਾਂਦਾ ਏ – ਪੈਸਾ ਬੜੀ ਚੀਜ਼ ਏ, ਬੰਦੇ ਨੂੰ ਕਿਥੇ ਕਾ ਕਿਥੇ ਲੈ ਜਾਂਦਾ ਏ – ਭਲਾ ਹੋਵੇ ਅੰਗਰੇਜ਼ਾਂ ਦਾ, ਜਿਹੜੇ ਇਸ ਦੇਸ਼ ਵਿਚ ਆਏ ਤੇ ਫੇਰ ਉਹਨਾਂ ਨੂੰ ਕੱਢਣ ਵਾਸਤੇ ਆਜ਼ਾਦੀ ਦੀ ਲੜਾਈ ਛਿੜੀ ਤੇ ਤੁਹਾਨੂੰ ਮੌਕਾ ਮਿਲਿਆ ਦੇਸ਼ ਭਗਤੀ ਵਿਖਾਉਣ ਦਾ ਤੇ ਫੇਰ ਪੈਨਸ਼ਨ ਲੈਣ ਦਾ, ਜੇ ਅੰਗਰੇਜ਼ ਨਾ ਆਂਦੇ ਤਾਂ ਸਭ ਕੁਝ ਕਿਸ ਤਰ੍ਹਾਂ ਹੁੰਦਾ ?

ਭਾਪਾ ਜੀ : ਤੂੰ ਸਾਫ ਸਾਫ ਕਿਉਂ ਨਹੀਂ ਕਹਿੰਦਾ ਕਿ ਤੇਰੇ ਦਿਲ ਵਿਚ ਕੀ ਏ ?

ਅਵਤਾਰ : ਮੇਰੇ ਦਿਲ ਵਿਚ ਕੀ ਹੋਣਾ ਏ ? ਮੈਂ ਤਾਂ ਐਵੇਂ ਸਰਸਰੀ ਗੱਲ ਕੀਤੀ ਸੀ – ਕੀ ਉਹ ਮੋਮਬੱਤੀਆਂ ਸਾਰੀਆਂ ਬਲ ਗਈਆਂ ਸਨ ਜਿਨ੍ਹਾਂ ਉਤੇ ਤੁਸੀਂ ਹੱਥ ਰਖਕੇ ਕਸਮ ਖਾਧੀ ਸੀ – ਕਾਸ਼ ਉਹਨਾਂ ਦਾ ਕੋਈ ਹਿੱਸਾ ਮਿਲ ਜਾਂਦਾ ਤਾਂ ਯੂਨੀਵਰਸਿਟੀ ਖੋਜ ਕਰਨ ਵਾਲਿਆਂ ਨੂੰ ਇਕ ਵਿਸ਼ਾ ਲਭ ਜਾਂਦਾ ਕਿ ਇਹਨਾਂ ਮੋਮਬੱਤੀਆਂ ਦਾ ਇਤਿਹਾਸ ਕੀ ਏ ? ਤੇ ਇਹ ਭਗਤ ਸਿੰਘ ਤੇ ਸਾਥੀਆਂ ਕੋਲ ਕਿਸ ਤਰ੍ਹਾਂ ਪੁੱਜੀਆਂ – ਹੋ ਸਕਦਾ ਏ ਇਹਨਾਂ ਵਿਚੋਂ ਇਕ ਮੋਮਬੱਤੀ ਦਾ ਜਲੂਸ ਵੀ ਨਿਕਲ ਜਾਂਦਾ।

ਭਾਪਾ ਜੀ : ਜਲੂਸ ?

ਅਵਤਾਰ : ਹਾਂ ਜਲੂਸ, ਜਿਸ ਤਰ੍ਹਾਂ ਉਸ ਬੁਰਸ਼ ਦਾ ਜਲੂਸ ਨਿਕਲਿਆ ਸੀ ਜਿਸ

ਨਾਲ ਕਿਸੇ ਚਿੱਤਰਕਾਰ ਨੇ ਆਸਾਮ ਵਿਚ ਗੁਰੂ ਤੇਗ ਬਹਾਦਰ ਦਾ ਅਧੂਰਾ ਚਿੱਤਰ ਬਣਾਇਆ ਸੀ – ਹੈਰਾਨ ਨਾ ਹੋਵੋ, ਇਸ ਦੇਸ਼ ਵਿਚ ਸਭ ਕੁਝ ਮੁਮਕਿਨ ਏ – ਸ੍ਰੀ ਰਾਮ ਚੰਦਰ ਜੀ ਦੀਆਂ ਖੜਾਵਾਂ, ਬਾਬੇ ਨਾਨਕ ਦਾ ਸਿਮਰਣਾ, ਗੁਰੂ ਹਰਿਗੋਬਿੰਦ ਦਾ ਦੁਸ਼ਾਲਾ, ਗੁਰੂ ਗੋਬਿੰਦ ਸਿੰਘ ਦਾ ਸ਼ਸਤਰ, ਊਧਮ ਸਿੰਘ ਦੀਆਂ ਅਸਥੀਆਂ ਸਭ ਕਿਧਰੋਂ ਨਾ ਕਿਧਰੋਂ ਲਭ ਜਾਂਦੀਆਂ ਨੇ। ਇਕ ਦਿਨ ਮੋਮ ਬੱਤੀਆਂ ਵੀ ਲਭ ਜਾਣਗੀਆਂ। ਸਭ ਮੁਮਕਿਨ ਏ – ਸਭ ਮੁਮਕਿਨ ਏ – ਹਾਂ ਤੇ ਹੁਣ ਮੈਂ ਚਲਦਾ ਹਾਂ – ਤੁਹਾਡੀ ਵਧੀਆ ਤਕਰੀਰ ਦੀ ਵਧਾਈ ਦੇਣ ਆਇਆ ਸਾਂ ਤੇ ਹੋਰ ਕਿੰਨਾ ਕੁਝ ਕਹਿ ਚਲਿਆ ਹਾਂ – ਹਾਂ ਤੇ ਭਾਬੀ ਤੇ ਉਹ ਖੀਰ ਤੇਰੇ ਉਤੇ ਸਾਡਾ ਉਧਾਰ ਰਿਹਾ, ਜਿਹੜੀ ਤੂੰ ਜਵਾਹਰ ਲਾਲ ਨਹਿਰੂ ਜੀ ਨੂੰ ਖੁਆਈ ਸੀ।

*(ਜਾਂਦਾ ਹੈ)*

ਬਾਊ ਜੀ : (ਖਿੱਝਕੇ) ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ, ਨਹੀਂ ਕਰ ਸਕਦਾ – (ਫੇਰ ਆਪੇ ਹੀ) ਨਹੀਂ ਮੈਂ ਇਹ ਬਰਦਾਸ਼ਤ ਕਰਾਂਗਾ – ਮੈਂ ਸਚਮੁੱਚ ਦੇਸ਼ ਭਗਤ ਹਾਂ – ਮੈਂ ਇਕ ਕ੍ਰਾਂਤੀਕਾਰੀ – ਲੋਕ ਵੇਖਣਗੇ – ਮੈਂ ਇਸ ਅਵਤਾਰ ਦੇ ਬਚੇ ਨੂੰ ਸਾਬਤ ਕਰ ਦੇਵਾਂਗਾ ਕਿ ਮੇਰੀਆਂ ਰਗਾਂ ਵਿਚ ਦੇਸ਼ ਭਗਤੀ ਦਾ ਖੂਨ ਹੈ – ਮੈਂ ਅੱਜ ਵੀ ਬਲਦੀ ਮੋਮਬੱਤੀ ’ਤੇ ਹੱਥ ਰੱਖ ਸਕਦਾ ਹਾਂ – ਮੈਂ ਅੱਜ ਵੀ ਹੱਥ ਰੱਖ ਸਕਦਾ ਹਾਂ।

*(ਫੇਡ ਆਊਟ)*

(ਰੋਸ਼ਨੀ ਹੋਣ ’ਤੇ ਇਕ ਪ੍ਰੈਸ ਨੁਮਾਇੰਦਾ ਬਾਊ ਜੀ ਨਾਲ ਗੱਲਾਂ ਕਰ ਰਿਹਾ ਹੈ।)

ਰੀਪੋਰਟਰ : ਜੇ ਕਵੋ ਤਾਂ ਮੈਂ ਇਹ ਇੰਟਰਵੀਊ ਸ਼ੁਰੂ ਕਰਾਂ ?

ਭਾਪਾ ਜੀ : ਹਾਂ ਜ਼ਰੂਰ, ਇਸ ਵਿਚ ਕਹਿਣ ਵਾਲੀ ਕਿਹੜੀ ਗੱਲ ਹੈ ?

ਰੀਪੋਰਟਰ : ਸਾਰਿਆਂ ਨਾਲੋਂ ਪਹਿਲਾਂ ਤਾਂ ਮੈਂ ਆਪਣੀ ਅਖਬਾਰ ਵੱਲੋਂ ਤੁਹਾਡਾ ਧੰਨਵਾਦ ਕਰਨਾ ਚਾਹਾਂਗਾ ਕਿ ਤੁਸੀਂ ਆਪਣਾ ਕੀਮਤੀ ਸਮਾਂ ਇਸ ਇੰਟਰਵੀਊ ਲਈ ਦੇ ਰਹੇ ਹੋ ਤੇ ਮੇਰਾ ਪਹਿਲਾ ਸਵਾਲ ਹੈ ਕਿ ਜੋ ਕੁਝ ਇਸ ਦੇਸ਼ ਵਿਚ ਹੋ ਰਿਹੈ ਕੀ ਤੁਸੀਂ ਉਹਦੇ ਨਾਲ ਸਹਿਮਤ ਹੋ?

ਭਾਪਾ ਜੀ : ਨਹੀਂ ਮੈਂ ਇਕ ਫੀਸਦੀ ਵੀ ਸਹਿਮਤ ਨਹੀਂ।

ਰੀਪੋਰਟਰ : ਤੁਸੀਂ ਪੜ੍ਹਿਆ ਕਿ ਭਾਗਲਪੁਰ ਵਿਚ ਕੁਝ ਕੈਦੀਆਂ ਨੂੰ ਅੰਨ੍ਹਿਆ ਕਰ ਦਿੱਤਾ ਗਿਆ।

ਭਾਪਾ ਜੀ : ਇਹ ਬੜੀ ਸ਼ਰਮਨਾਕ ਹਰਕਤ ਏ।

ਰੀਪੋਰਟਰ : ਦੇਸ਼ ਦੀਆਂ ਜੇਲ੍ਹਾਂ ਵਿਚ ਕੁਝ ਇਲਕਲਾਬੀਆਂ ਨੂੰ ਦੱਸ ਦੱਸ ਸਾਲ ਤੋਂ ਬਗੈਰ ਮੁਕੱਦਮੇ ਜੇਲ੍ਹਾਂ ਵਿਚ ਰੱਖਿਆ ਹੋਇਆ ਹੈ, ਇਹਦੇ ਬਾਰੇ ਤੁਹਾਡੇ ਕੀ ਵਿਚਾਰ ਹਨ।

ਭਾਪਾ ਜੀ : ਇਹੋ ਜਹੀਆਂ ਕਾਰਵਾਈਆਂ ਸਾਡੀ ਜਮਹੂਰੀਅਤ 'ਤੇ ਧੱਬਾ ਹਨ।

ਰੀਪੋਰਟਰ : ਕਿੰਨੇ ਹੀ ਇਨਕਲਾਬੀਆਂ ਨੂੰ ਝੂਠੇ ਪੁਲਸ ਮੁਕਾਬਲਿਆਂ ਵਿਚ ਦਰਖਤਾਂ ਨਾਲ ਬੰਨ ਕੇ ਮਾਰਿਆ ਗਿਆ ਕੀ ਇਹ ਸਾਡੀ ਜਮਹੂਰੀਅਤ 'ਤੇ ਧੱਬਾ ਨਹੀਂ ?

ਭਾਪਾ ਜੀ : ਬਹੁਤ ਵੱਡਾ ਧੱਬਾ ਹਨ – ਇਹੋ ਜਿਹੀਆਂ ਕਾਰਵਾਈਆਂ ਬਦੇਸ਼ਾਂ ਵਿਚ ਸਾਡਾ ਸਿਰ ਨੀਵਾਂ ਕਰਦੀਆਂ ਹਨ।

ਰੀਪੋਰਟਰ : ਦੇਸ਼ ਵਿਚ ਥਾਂ ਥਾਂ ਵੱਖਵਾਦੀ ਲਹਿਰਾਂ ਸਿਰ ਚੁੱਕ ਰਹੀਆਂ ਹਨ। ਕੀ ਇਹ ਵੱਖਵਾਦੀ ਲਹਿਰਾਂ ਹਕੂਮਤ ਦੀਆਂ 34 ਸਾਲਾਂ ਦੀਆਂ ਗਲਤ ਪਾਲਸੀਆਂ ਦਾ ਨਤੀਜਾ ਨਹੀਂ ਹਨ ?

ਭਾਪਾ ਜੀ : ਤੁਸੀਂ ਠੀਕ ਆਖਦੇ ਹੋ – 34 ਸਾਲਾਂ ਤੋਂ ਤੇ ਖਾਸ ਕਰਕੇ ਕੁਝ ਸਾਲਾਂ ਤੋਂ ਤਾਂ ਇਸ ਤਰ੍ਹਾਂ ਲਗਦਾ ਹੀ ਨਹੀਂ ਕਿ ਹਕੂਮਤ ਨਾਂ ਦੀ ਚੀਜ਼ ਕੋਈ ਇਸ ਦੇਸ਼ ਵਿਚ ਚਲਦੀ ਪਈ ਏ। ਸਾਰੇ ਪਾਸੇ ਝੂਠ ਤੇ ਭ੍ਰਿਸ਼ਟਾਚਾਰ ਦਾ ਪਸਾਰਾ ਏ।

ਰੀਪੋਰਟਰ : ਕੀ ਤੁਸੀਂ ਇਹ ਮਹਿਸੂਸ ਨਹੀਂ ਕਰਦੇ ਕਿ ਜਿਸ ਆਜ਼ਾਦੀ ਵਾਸਤੇ ਹਜ਼ਾਰਾਂ ਦੇਸ਼ ਵਾਸੀਆਂ ਨੇ ਆਪਣੀ ਜਾਨ ਦੀ ਅਹੂਤੀ ਦਿੱਤੀ, ਇਹ ਆਜ਼ਾਦੀ ਉਹ ਨਹੀਂ।

ਭਾਪਾ ਜੀ : ਮੈਂ ਕੀ, ਹਿੰਦੋਸਤਾਨ ਦਾ ਹਰ ਇਕ ਸੂਝਵਾਨ ਸ਼ਹਿਰੀ ਇਹੀ ਮਹਿਸੂਸ ਕਰਦਾ ਹੈ ਕਿ ਉਹਦੇ ਨਾਲ ਬੜਾ ਵੱਡਾ ਧੋਖਾ ਹੋਇਆ ਹੈ।

ਰੀਪੋਰਟਰ : ਤੁਸੀਂ ਇਕ ਪੁਰਾਣੇ freedom fighter ਰਹੇ ਹੋ, ਪੰਜਾਬ ਤੇ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਤੁਹਾਡਾ ਸਬੰਧ ਰਿਹਾ ਏ – ਕੀ ਤੁਸੀਂ ਮਹਿਸੂਸ ਨਹੀਂ ਕਰਦੇ ਕਿ ਇਸ ਹਾਲਤ ਨੂੰ ਬਦਲਨ ਵਾਸਤੇ ਤੁਹਾਡੇ ਵਰਗੇ ਬਜ਼ੁਰਗ ਦੇਸ਼ ਭਗਤਾਂ ਨੂੰ ਅਗੇ ਆਉਣਾ ਚਾਹੀਦੈ ਅਤੇ ਨੌਜਵਾਨ ਪੀੜੀ ਨੂੰ ਅਗਵਾਈ ਦੇਣੀ ਚਾਹੀਦੀ ਹੈ।

ਭਾਪਾ ਜੀ : ਮੈਂ ਇਹ ਗੱਲ ਬੜੀ ਸ਼ਿੱਦਤ ਨਾਲ ਮਹਿਸੂਸ ਕਰ ਰਿਹਾ ਹਾਂ ਕਿ ਦੇਸ਼ ਵਿਚ ਜੋ ਪਿਛਲੇ 34 ਸਾਲਾਂ ਤੋਂ ਹੋ ਰਿਹਾ ਏ ਇਸ ਵਿਚ ਦੇਸ਼ ਭਗਤਾਂ ਦੀ ਸਰਗਰਮ ਦਖ਼ਲ ਅਦਾਜ਼ੀ ਹੋਣੀ ਚਾਹੀਦੀ ਸੀ। ਇਹ ਦਖ਼ਲ ਅੰਦਾਜ਼ੀ ਨਾ ਹੋਣ ਦਾ ਨਤੀਜਾ ਹੀ ਹੈ ਕਿ ਹਕੂਮਤੀ ਪਾਰਟੀ ਦੇ ਆਲੇ ਦੁਆਲੇ ਚੋਰ ਕਿਸਮ ਜਾਂ ਕਹਿ ਲਵੋ ਸਮਾਜ ਦੁਸ਼ਮਣ ਅਨਸਰ

ਇਕੱਠਾ ਹੋ ਗਿਆ ਹੈ। ਸਿਆਸਤ ਜੋ ਕਿ ਇਕ ਪਵਿੱਤਰ ਸੰਸਥਾ ਹੈ, ਜਿਸਨੇ ਦੇਸ਼ ਦੀ ਤਕਦੀਰ ਬਣਾਈ ਹੈ, ਉਹ ਚੋਰ ਕਿਸਮ ਦੇ ਲੋਕਾਂ ਦਾ ਪੇਸ਼ਾ ਬਣ ਗਿਆ ਏ – ਇਸ ਸਭ ਕੁਝ ਵਿਚ ਦੇਸ਼ ਭਗਤ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਤਮਾਸ਼ਾਈ ਬਣਕੇ ਨਾ ਰਹਿ ਜਾਣ ਸਗੋਂ ਹੋਰ ਸੂਝਵਾਨ ਲੋਕਾਂ ਨਾਲ ਰਲਣ ਅਤੇ ਦੇਸ਼ ਨੂੰ ਇਹਨਾਂ ਗੁੰਡੇ ਕਿਸਮ ਦੇ ਸਿਆਸਤਦਾਨਾਂ ਤੋਂ ਬਚਾਉਣ (ਵਕਫਾ) ਦੇਸ਼ ਦੀ ਹਾਲਤ ਇਸ ਵੇਲੇ ਕੀ ਹੈ ? ਖਰਬਾਂ ਰੁਪਏ ਦਾ ਸਾਡੇ 'ਤੇ ਬਾਹਰਲੇ ਦੇਸ਼ਾਂ ਦਾ ਕਰਜ਼ਾ ਹੈ, ਲੱਖਾਂ ਨੌਂਵਜਾਨ ਸੜਕਾਂ 'ਤੇ ਬੇਕਾਰ ਫਿਰ ਰਹੇ ਹਨ। ਕਾਨੂੰਨ ਦੇ ਰਖਵਾਲਿਆਂ ਵੱਲੋਂ ਅੰਨ੍ਹੀ ਕਿਸਮ ਦੀਆਂ ਕਾਰਵਾਈਆਂ ਹੋ ਰਹੀਆਂ ਹੋਣ ਤੇ ਕੁਝ ਵੀ ਐਸਾ ਨਾ ਹੋ ਰਿਹਾ ਹੋਵੇ ਜਿਸਨੂੰ ਚੰਗਾ ਕਿਹਾ ਜਾ ਸਕਦਾ ਹੋਵੇ ਤਾਂ ਇਸ ਵਿਚ ਮੰਨਣ ਵਿਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਜਿਸ ਦੇਸ਼ ਦੀ ਸਿਆਸਤ ਬਹੁਤ ਬਿਮਾਰ ਹੋ ਚੁੱਕੀ ਏ ਤੇ ਸਾਰੇ ਜਮਹੂਰੀਅਤ ਨੂੰ ਪਿਆਰ ਕਰਨ ਵਾਲੇ ਲੋਕਾਂ ਨੂੰ ਇਸ ਬਾਰੇ ਤਫ਼ਤੀਸ਼ ਹੋਣੀ ਚਾਹੀਦੀ ਹੈ, ਤੇ ਮਜ਼ਬੂਤ ਜਥੇਬੰਦੀ ਬਣਾ ਕੇ ਮਜਮੂਨੀ ਕਿਸਮ ਦੀ ਕਾਰਵਾਈ ਕਰਨੀ ਚਾਹੀਦੀ ਏ।

ਰੀਪੋਰਟਰ : ਪਰ ਤੁਹਾਡਾ ਕੀ ਖਿਆਲ ਏ ਕਿ ਇਹ ਸਭ ਕੁਝ ਕਿਉਂ ਨਹੀਂ ਹੋ ਰਿਹੈ ?

ਭਾਪਾ ਜੀ : ਕਿਉਂਕਿ ਜਿਹੜੇ ਹਾਕਮ ਲੋਕ ਨੇ, ਜਿਹੜੇ ਸਟੇਟਸਕੋ ਰਖਣਾ ਚਾਹੁੰਦੇ ਨੇ, ਉਹ ਏਨੇਂ ਚਲਾਕ ਨੇ ਕਿ ਲੋਕਾਂ ਦਾ ਧਿਆਨ ਕਿਸੇ ਨਾ ਕਿਸੇ ਨਿਗੂਣੇ ਮਸਲੇ ਵਿਚ ਉਲਝਾਈ ਰੱਖਦੇ ਹਨ – ਕਦੀ ਕਿਸੇ ਮੰਦਰ ਵਿਚ ਗਾਈਆਂ ਦੇ ਸਿਰ ਲਭ ਪੈਂਦੇ ਹਨ ਤੇ ਕਦੀ ਕਿਸੇ ਗੁਰਦੁਆਰੇ ਵਿਚ ਸਿਗਰਟ ਬੀੜੀ ਦੀਆਂ ਡੱਬੀਆਂ।

ਰੀਪੋਰਟਰ : ਇਹ ਤੁਸੀਂ ਠੀਕ ਕਹਿੰਦੇ ਹੋ ? ਮੇਰਾ ਆਪਣਾ ਇਕ ਅਖਬਾਰ ਨਵੀਸ ਦੀ ਹੈਸੀਅਤ ਵਿਚ ਤਜ਼ਰਬਾ ਹੈ, ਪਟਿਆਲੇ ਦੀ ਗੱਲ ਏ, ਹੰਗਾਮਾ ਹੋਇਆ ਕਿ ਕਾਲੀ ਦੇਵੀ ਦੇ ਮੰਦਰ ਵਿਚ ਗਊ ਦੇ ਕੰਨ ਲਭੇ ਨੇ – ਮੈਂ ਆਪ ਪ੍ਰੈਸ ਦੇ ਨੁਮਾਇੰਦੇ ਦੇ ਤੌਰ 'ਤੇ ਵੱਡੇ ਪੁਜਾਰੀ ਜੀ ਕੋਲ ਜਾ ਪੁਛਿਆ ਕਿ ਕੰਨ ਕਿਥੋਂ ਲਭੇ ਨੇ – ਉਹ ਕਹਿਣ ਲਗੇ ਮੈਂ ਨਹੀਂ ਦੇਖੇ ਛੋਟੇ ਪੁਜਾਰੀ ਜੀ ਨੇ ਵੇਖੇ – ਛੋਟੇ ਪੁਜਾਰੀ ਜੀ ਕੋਲੋਂ ਪੁਛਿਆ ਤਾਂ ਕਹਿਣ ਲਗੇ ਮੰਦਿਰ ਦੇ ਬਾਹਰ ਭਿਖਾਰੀ ਰੌਲਾ ਪਾ ਰਹੇ ਸਨ। ਮੈਂ ਲੰਗੜੇ ਭਿਖਾਰੀ ਕੋਲੋਂ ਪੁਛਿਆ ਕਿ ਤੂੰ ਕੰਨ ਵੇਖੇ ਸਨ, ਕਹਿਣ ਲਗਾ ਮੈਂ ਨਹੀਂ ਵੇਖੇ, ਅੰਨ੍ਹੇ ਭਿਖਾਰੀ ਨੇ ਵੇਖੇ ਨੇ।

ਭਾਪਾ ਜੀ : ਬਿਲਕੁਲ ਇਹੀ ਗੱਲ ਹੈ – ਪਰ ਅਫਸੋਸ ਦੀ ਗੱਲ ਤਾਂ ਇਹੀ ਹੈ ਕਿ ਅੰਨ੍ਹਿਆਂ ਤਾਂ ਅੰਨ੍ਹਾ ਹੋਣਾ ਹੀ ਸੀ, ਪਰ ਸੁਜਾਖੇ ਵੀ ਅੰਨ੍ਹੇ ਹੋ ਗਏ ਨੇ। ਸਭ ਲੋਕ ਉਮੀਦ ਕਰਦੇ ਨੇ ਕਿ ਦੇਸ਼ ਭਗਤ ਦੇਸ਼ ਦੀ ਸਥਿਤੀ ਵਿਚ ਦਖ਼ਲ ਅੰਦਾਜ਼ੀ ਕਰਨ – ਪਰ ਕਿਸ ਤਰ੍ਹਾਂ ਦਖ਼ਲ ਅੰਦਾਜ਼ੀ ਕਰਨ – ਦੇਸ਼ ਭਗਤਾਂ ਕੋਲ ਕੀ ਸਾਧਨ ਹਨ ? ਕੋਈ ਸਾਧਨ ਨਹੀਂ, ਉਹ ਸਿਰਫ ਜੋਸ਼ ਕਰ ਸਕਦੇ ਹਨ। ਦੇਸ਼ ਦੀ ਹਾਲਤ 'ਤੇ ਝੂਰ ਸਕਦੇ ਨੇ – ਝੂਰਦੇ ਤਾਂ ਬਹੁਤ ਸਾਰੇ ਲੋਕ ਹਨ, ਸਾਰੇ ਪੜ੍ਹੇ ਲਿਖੇ ਝੂਰ ਰਹੇ ਨੇ। ਪਰ ਜਿਹੜੇ ਸਥਾਪਤੀ ਵਿਚ ਕਿਧਰੇ ਨਾ ਕਿਧਰੇ ਫਿੱਟ ਹੋ ਜਾਂਦੇ ਹਨ, ਉਹਨਾਂ ਨੂੰ ਫੇਰ ਦੇਸ਼ ਦਾ ਫਿਕਰ ਘੱਟ ਜਾਂਦਾ ਹੈ – ਹੋਰ ਫਿਕਰ ਵੱਧ ਜਾਂਦੇ ਹਨ। ਘਰ ਵਿਚ ਟੀ.ਵੀ. ਚਾਹੀਦਾ ਹੈ, ਮੈਂ ਇਹ ਨਹੀਂ ਕਹਿੰਦਾ ਕਿ ਇਹ ਚਾਹਤ ਕੋਈ ਗਲਤ ਚੀਜ਼ ਹੈ – ਇਹ ਚੀਜ਼ਾਂ ਅੱਜ ਦੀ ਸਾਇੰਸ ਦੀਆਂ ਦੇਣ ਹਨ, ਮਨੁੱਖ ਦੀ ਜ਼ਿੰਦਗੀ ਨੂੰ ਰੋਚਕ ਅਤੇ ਸੌਖਾ ਬਨਾਉਣ ਲਈ – ਪਰ ਇਹ ਚਾਹਤ ਮ੍ਰਿਗਤ੍ਰਿਸ਼ਨਾ ਨਹੀਂ ਬਣਨੀ ਚਾਹੀਦੀ, ਸਗੋਂ ਇਹ ਤਾਂ ਪ੍ਰੇਰਨਾ ਹੋਣੀ ਚਾਹੀਦੀ ਹੈ ਇਕ ਐਸਾ ਸਮਾਜ ਬਨਾਉਣ ਲਈ, ਜਿਥੇ ਇਹ ਚੀਜ਼ਾਂ ਵੱਧ ਤੋਂ ਵੱਧ ਲੋਕਾਂ ਤੱਕ ਪੁੱਜਣ – ਹਾਂ ਤੇ... ਤੁਹਾਡਾ ਨਾਂ

ਰੀਪੋਰਟਰ : ਸੁਭਾਸ਼ ਖੋਸਲਾ

ਭਾਪਾ ਜੀ : ਹਾਂ, ਤੇ ਖੋਸਲਾ ਜੀ ਮੈਂ ਆਖਰੀ ਲਫਜ਼ ਇਹੀ ਕਹਿਣਾ ਚਾਹਵਾਂਗਾ ਕਿ ਇਸ ਵੇਲੇ ਦੇਸ਼ ਵਿਚ ਕੁਝ ਵੀ ਐਸਾ ਨਹੀਂ, ਜਿਸ ਉਤੇ ਕੋਈ ਵੀ ਦੇਸ਼ ਭਗਤ ਜਾਂ ਕਹਿ ਲਵੋ ਕੋਈ ਵੀ ਸੂਝਵਾਨ ਫਖਰ ਕਰ ਸਕਦਾ ਏ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸਾਨੂੰ ਵੀ ਦੇਸ਼ ਭਗਤਾਂ ਨੂੰ ਹੁਣ ਪੁਰਾਣੀਆਂ ਕਹਾਣੀਆਂ ਨਹੀਂ ਦੁਹਰਾਣੀਆਂ ਚਹੀਦੀਆਂ ਕਿ ਅਸੀਂ ਅਜ਼ਾਦੀ ਦੀ ਲੜਾਈ ਵਿਚ ਕੀ ਕੀਤਾ ਜਾਂ ਨਹੀਂ ਕੀਤਾ – ਸਗੋਂ ਅੱਜ ਦੇ ਬਾਰੇ ਆਪਣੀ ਰਾਏ ਦੱਸਣੀ ਚਾਹੀਦੀ ਹੈ, ਅੱਜ ਦੇ corrupt ਬੰਦਿਆਂ ਉਤੇ ਨਾ ਲੋਕ ਉਂਗਲ ਰਖਣੀ ਚਾਹੀਦੀ ਹੈ – ਇਹੀ ਸਾਡਾ ਫਰਜ਼ ਹੈ– ਹਾਂ ਇਹੀ ਸਾਡਾ ਫਰਜ਼ ਹੈ।

ਰੀਪੋਰਟਰ : ਸ਼ੁਕਰੀਆ, ਬਹੁਤ ਬਹੁਤ ਸ਼ੁਕਰੀਆ – ਸਾਨੂੰ ਇਹ ਸਭ ਕੁਝ ਛਾਪਕੇ ਖੁਸ਼ੀ ਹੋਵੇਗੀ – ਹੁਣ ਇਜਾਜ਼ਤ ਦੇਵੋ

*(ਉਠਦਾ ਹੈ – ਹੱਥ ਮਿਲਾਂਦਾ ਹੈ ਤੇ ਜਾਂਦਾ ਹੈ – ਬੀਜੀ ਆਂਦੇ ਹੋਏ)*

ਬੀਜੀ : ਤੁਹਾਨੂੰ ਇਹ ਸਭ ਕੁਝ ਕਹਿਣ ਦੀ ਕੀ ਲੋੜ ਸੀ, ਜੇ ਉਸਨੇ ਅਖਬਾਰ ਵਿਚ ਛਾਪ ਦਿੱਤਾ।

ਭਾਪਾ ਜੀ : ਤਾਂ ਤੇਰਾ ਕੀ ਮਤਲਬ ਏ ਕਿ ਮੈਂ ਇਹ ਸਭ ਕੁਝ ਸਿਰਫ ਬਕਵਾਸ ਕਰਨ ਲਈ ਬੋਲਦਾ ਰਿਹਾ ਹਾਂ – ਇਹ ਛਾਪਣ ਵਾਸਤੇ ਹੀ ਬੋਲ ਰਿਹਾ ਸਾਂ (ਵਕਫਾ) ਮੈਨੂੰ ਤਾਂ ਬਸ ਇਸ ਤਰ੍ਹਾਂ ਲਗ ਰਿਹਾ ਸੀ ਜਿਸ ਤਰ੍ਹਾਂ ਮੈਂ ਇਹ ਸਭ ਆਪਣੇ ਆਪ ਨੂੰ ਸੁਣਾ ਰਿਹਾ ਸਾਂ – ਹਾਂ ਸਾਨੂੰ ਆਪਣੇ ਆਪ ਨਾਲ ਗੱਲਾਂ ਕਰਨੀਆਂ ਆਉਣੀਆਂ ਚਾਹੀਦੀਆਂ ਨੇ, ਜੇ ਅਸੀਂ ਆਪਣੇ ਆਪ ਨਾਲ, ਆਪਣੇ ਸਮਾਜ ਨਾਲ, ਆਪਣੇ ਦੇਸ਼ ਨਾਲ ਕੋਈ ਇਨਸਾਫ ਕਰਨਾ ਹੈ ਤਾਂ ਸਾਨੂੰ ਆਪਣੇ ਆਪ ਨਾਲ ਗੱਲਾਂ ਕਰਨੀਆਂ ਆਉਣੀਆਂ ਚਾਹੀਦੀਆਂ ਨੇ, ਆਪਣੀ ਜ਼ਮੀਰ ਨਾਲ ਗੱਲ ਕਰਨੀ ਚਾਹੀਦੀ ਏ, ਆਪਣੀ ਆਤਮਾ ਦੇ ਸਾਨੂੰ ਰੂਬਰੂ ਹੋਣਾ ਹੀ ਪੈਣਾ ਏ – ਮੈਂ ਇਕ ਦੇਸ਼ ਭਗਤ ਹਾਂ।

ਬੀਜੀ : ਤੁਸੀਂ ਇਹ ਭੁਲੋ ਨਾ ਤੁਸੀਂ ਦੇਸ਼ ਭਗਤ ਸੀ।

ਭਾਪਾ ਜੀ : ਨਹੀਂ ਮੈਂ ਹੁਣ ਵੀ ਹਾਂ, ਮੇਰੇ ਅੰਦਰ ਸਭ ਕੁਝ ਉਹ ਹੈ ਜੋ ਇਕ ਦੇਸ਼ ਭਗਤ ਵਿਚ ਹੋਣਾ ਚਾਹੀਦੈ, ਅਵਤਾਰ ਮੈਨੂੰ ਟਿਚਕਰ ਕਰਦਾ ਸੀ – ਮੈਂ ਉਸਨੂੰ ਦਸ ਦੇਵਾਂਗਾ, ਹਾਂ ਦਸ ਦੇਵਾਂਗਾ ਕਿ ਮੈਂ ਦੇਸ਼ ਭਗਤ ਹਾਂ, ਮੈਂ ਕ੍ਰਾਂਤੀਕਾਰੀ ਹਾਂ।

ਬੀਜੀ : ਮੈਨੂੰ ਤੁਹਾਡਾ ਇਹ ਅਵਤਾਰ ਇਕ ਅੱਖ ਨਹੀਂ ਭਾਉਂਦਾ, ਹਰ ਵੇਲੇ ਕੁਝ ਨਾ ਕੁਝ ਊਟ ਪਟਾਂਗ ਬੋਲਦਾ ਰਹਿੰਦਾ ਏ।

ਭਾਪਾ ਜੀ : ਉਟ ਪਟਾਂਗ ਨਹੀਂ, ਉਹ ਲੋਕਾਂ ਦੀ ਲੁਕੀ ਹੋਈ ਆਵਾਜ਼ ਏ – ਉਹਦੀ ਹੋਂਦ ਮੇਰੇ ਲਈ ਇਕ ਚੈਲੰਜ ਏ – ਮੈਂ ਉਸਨੂੰ ਸਾਬਤ ਕਰ ਦੇਵਾਂਗਾ ਕਿ ਮੈਨੂੰ ਜੇਕਰ ਪੈਨਸ਼ਨ ਮਿਲਦੀ ਏ ਤਾਂ ਇਸ ਗੱਲ ਦੀ ਕਿ ਮੈਂ ਇਕ ਦੇਸ਼ ਭਗਤ ਹਾਂ।

ਬੀਜੀ : ਤੁਸੀਂ ਆਪਣੇ ਆਪ ਨੂੰ ਕਿਉਂ ਕਲੇਸ਼ ਦੇਂਦੇ ਹੋ, ਤੁਸੀਂ ਆਪਣੇ ਮਨ ਨੂੰ ਇਹ ਕਿਉਂ ਨਹੀਂ ਮਨਾਂ ਲੈਂਦੇ ਕਿ ਤੁਸੀਂ ਦੇਸ਼ ਭਗਤ ਸੀ ਪਰ ਤੁਸੀਂ ਹੁਣ ਦੇਸ਼ ਭਗਤੀ ਤੋਂ ਰੀਟਾਇਰ ਹੋ ਗਏ, ਲੋਕ ਨਹੀਂ ਨੌਕਰੀਆਂ ਤੋਂ ਰੀਟਾਇਰ ਹੁੰਦੇ ?

ਭਾਪਾ ਜੀ : ਦੇਸ਼ ਭਗਤੀ ਨੌਕਰੀ ਨਹੀਂ।

ਬੀਜੀ : ਅੱਛਾ ਤੁਸਾਂ ਮੇਰੀ ਕਿਹੜਾ ਕੋਈ ਗੱਲ ਮੰਨਨੀ ਏ, ਪਰ ਇਕ ਗੱਲ ਏ, ਜੋਸ਼ ਵਿਚ ਆ ਕੇ ਕੋਈ ਐਸੀ ਗੱਲ ਨਾ ਕਰ ਬੈਠਣਾ ਕਿ ਪੈਨਸ਼ਨ ਵਿਚ ਕੋਈ ਹਰਜਾ ਗਰਜਾ ਹੋਵੇ, ਜਦੋਂ ਦੀ ਘਰ ਵਿਚ ਇਹ ਬੱਧੀ ਰਕਮ ਆਉਣੀ ਸ਼ੁਰੂ ਹੋਈ ਏ, ਸਾਹ ਸੌਖਾ ਆ ਰਿਹਾ ਏ।

ਭਾਪਾ ਜੀ : ਸ਼ੁਕਰ ਏ ਤੇਰਾ ਸਾਹ ਸੌਖਾ ਆ ਰਿਹਾ ਏ – ਹਾਂ ਹੁਣ ਤੇ ਤੈਨੂੰ ਕਦੀ

ਰਾਤ ਖੰਘ ਦਾ ਦੌਰਾ ਵੀ ਨਹੀਂ ਪਿਆ। ਦਮਾ ਵੀ ਆਪਣੇ ਆਪ ਠੀਕ ਹੋ ਗਿਆ ਏ।

ਬੀਜੀ : ਉਹ ਸਭ ਕੁਝ ਫਿਕਰਾ ਦੌਰਿਆ ਕਰਕੇ ਹੀ ਸੀ, ਰਾਤੀਂ ਜੇਕਰ ਨੀਂਦਰ ਨਾ ਆਵੇ ਤਾਂ ਖੰਘ ਨੇ ਤਾਂ ਆਉਣਾ ਹੀ ਸੀ – ਹੁਣ ਤੁਸੀਂ ਖਿਆਲ ਰਖਣਾ।

ਭਾਪਾ ਜੀ : ਹਾਂ ਮੈਂ ਖਿਆਲ ਰਖਾਂਗਾ ਕਿ ਇਹ ਖੰਘ ਦਾ ਦੌਰਾ ਨਾ ਹੀ ਪਏ।

ਬੀਜੀ : ਤੁਸੀਂ ਕਿਥੋਂ ਰਖਣਾ ਏ, ਹੁਣ ਇਸ ਅਖਬਾਰ ਵਾਲੇ ਨਾਲ ਉੱਚੀ ਬੋਲਣ ਦੀ ਕੀ ਲੋੜ ਸੀ ?

ਭਾਪਾ ਜੀ : ਉਹ ਮੈਨੂੰ ਯਾਦ ਦਿਵਾਉਣ ਆਇਆ ਸੀ ਕਿ ਇਕ ਦੇਸ਼ ਭਗਤ ਇਕ ਕ੍ਰਾਂਤੀਕਾਰੀ ਦੀ ਹੈਸੀਅਤ ਵਿਚ ਮੇਰਾ ਦੇਸ਼ ਅਤੇ ਸਮਾਜ ਵੱਲ ਕੀ ਫਰਜ਼ ਏ।

ਬੀਜੀ : ਕਿਉਂ ਉਸਨੂੰ ਅਸੀਂ ਰੋਟੀ ਖਾਂਦੇ ਚੰਗੇ ਨਹੀਂ ਲਗਦੇ ?

ਭਾਪਾ ਜੀ : ਉਹਨੂੰ ਚੰਗੇ ਲਗਦੇ ਹਾਂ ਜਾਂ ਨਹੀਂ, ਪਰ ਮੈਨੂੰ ਕਈ ਵਾਰ ਸ਼ੱਕ ਹੋ ਜਾਂਦਾ ਹੈ ਕਿ ਮੈਨੂੰ ਆਪਣਾ ਆਪ ਚੰਗਾ ਲਗਦਾ ਏ ਕਿ ਨਹੀਂ ?

ਬੀਜੀ : ਅੱਛਾ ਛੱਡੋ ਇਨਾਂ ਗੱਲਾਂ ਨੂੰ, ਰੋਟੀ ਦਾ ਆਹਰ ਵੀ ਕਰ ਲਵੋ।

ਭਾਪਾ ਜੀ : ਬਿੰਦਰ ਨੂੰ ਆ ਲੈਣ ਦੇ।

ਬੀਜੀ : ਉਹ ਤਾਂ ਦੇਰ ਲਾਲ ਆਏਗਾ, ਉਹ Employment Exchange ਗਿਆ ਹੈ, ਇਕ ਨੌਕਰੀ ਏ, ਉਹ ਰੀਜਰਵ ਏ Freedom Fighters ਦੇ ਬੱਚਿਆਂ ਲਈ – ਕਹਿੰਦਾ ਸੀ ਉਹਨੂੰ ਪੂਰੀ ਉਮੀਦ ਏ ਕਿ ਉਹ ਉਹਨੂੰ ਮਿਲ ਜਾਏਗੀ ਤੇ ਤਾਮਰ ਪਤ੍ਰ ਦੀ ਉਹਨਾਂ ਫੋਟੋ ਸਟੇਟ ਕਾਪੀ ਵੀ ਕਰਵਾ ਲਈ ਏ।

ਭਾਪਾ ਜੀ : (ਘਬਰਾਕੇ) ਤਾਮਰ ਪਤ੍ਰ ਦੀ ?

ਬੀਜੀ : ਪਰ ਕੀ ਹੋਇਆ ?

ਭਾਪਾ ਜੀ : (ਸੰਭਲਕੇ) ਕੁਝ ਨਹੀਂ – ਬਸ ਮੈਂ ਰੋਟੀ ਹੁਣੇ ਖਾ ਲੈਂਦਾ ਹਾਂ।

*(ਰੋਟੀ ਲੈਣ ਜਾਂਦੀ ਹੈ। ਭਾਪਾ ਜੀ ਡਾਇਰੀ ਕੱਢਦੇ ਹਨ।)*

ਭਾਪਾ ਜੀ : ਦੇਸ਼ ਭਗਤੀ ਦਾ ਬੋਝ ਹੁਣ ਦੂਣੇ ਭਾਰ ਨਾਲ ਮੇਰੇ ਉਤੇ ਲੱਦਿਆ ਜਾ ਰਿਹਾ ਹੈ, ਮੈਂ ਅਗਰ ਬਚਣਾ ਵੀ ਚਾਹਾਂ ਤਾਂ ਮੇਰੇ ਪੁੱਤਰ ਦੀ ਨੌਕਰੀ ਮੈਨੂੰ ਇਸ ਤੋਂ ਬਚਣ ਨਹੀਂ ਦੇਵੇਗੀ।

*(ਹੌਲੇ ਹੌਲੇ ਫੇਡ ਆਊਟ।)*

(ਰੋਸ਼ਣੀ ਹੋਣ 'ਤੇ ਬਿੰਦਰ ਅਖਬਾਰ ਫੜੀ ਬਾਹਰੋਂ ਆਉਂਦਾ ਏ।)

ਬਿੰਦਰ : ਬੀਜੀ ਬੀਜੀ...

ਬੀਜੀ : (ਚੌਂਕੇ ਵਿਚੋਂ ਹੱਥ ਪੂਝਦੀ ਆਉਂਦੀ ਹੈ) ਕੀ ਹੋਇਆ ਏ ?

ਬਿੰਦਰ : ਤੁਸੀਂ ਕੀ ਪਏ ਕਰਦੇ ਸੀ ?

ਬੀਜੀ : ਖੀਰ ਪਈ ਧਰਦੀ ਸਾਂ, ਪਰ ਤੂੰ ਏਨਾਂ ਘਬਰਾਇਆ ਕਿਉਂ ਏਂ ?

ਬਿੰਦਰ : (ਅਖਬਾਰ ਵਿਖਾਉਂਦੇ ਹੋਏ) ਤੁਸੀ ਇਹ ਵੇਖਿਆ ਏ, ਭਾਪਾ ਜੀ ਨੂੰ ਕੀ ਲੋੜ ਪਈ ਸੀ, ਅਖਬਾਰ ਵਿਚ ਸਭ ਕੁਝ ਬਿਆਨ ਦੇਣ ਦੀ ?

ਮਾਂ : ਕਿਹੜਾ ਬਿਆਨ ?

ਬਿੰਦਰ : ਇਹ ਪੜ੍ਹੋ ਬੀਜੀ, ਇਕ ਦੇਸ਼ ਭਗਤ ਦੀ ਇੰਟਰਵੀਊ, ਹਰ ਇਕ ਗੱਲ ਉਹਨਾਂ ਸਰਕਾਰ ਦੇ ਖਿਲਾਫ ਲਿਖ ਦਿੱਤੀ ਏ (ਪੜ੍ਹਦੇ ਹੋਏ) ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਦੀਆਂ ਅਹੂਤੀਆਂ ਇਸ ਲਈ ਨਹੀਂ ਦਿੱਤੀਆਂ ਸਨ ਕਿ ਇਥੇ ਚੋਰ ਉਚੱਕਿਆਂ ਦਾ ਰਾਜ ਹੋਵੇ। ਹਰ ਇਕ ਵਜ਼ੀਰ ਚੋਰ ਹੈ, ਉਹ ਆਪਣੀ ਵਜ਼ੀਰੀ ਦੇ ਅਹਿਦ ਵਿਚ ਲੱਖਾਂ ਰੁਪਏ ਇਸ ਲਈ ਲਾਉਂਦਾ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਉਹ ਆਪਣੇ ਵੋਟਰਾਂ ਦੀ ਵੋਟ ਖਰੀਦ ਸਕੇ। ਇਹ ਸਾਰਾ ਸਮਾਜ ਇਕ ਸਿਰੇ ਤੋਂ ਖੋਖਲਾ ਹੋ ਚੁੱਕਿਆ ਹੈ ਤੇ ਕ੍ਰਾਂਤੀ ਦੇ ਸਿਵਾ ਲੋਕਾਂ ਦੀ ਕੋਈ ਨਿਜ਼ਾਤ ਨਹੀਂ। ਹੁਣ ਬਾਊ ਜੀ ਕੋਲੋਂ ਕੋਈ ਪੁੱਛੇ ਕਿ ਜੇ ਵਜ਼ੀਰ ਚੋਰ ਨੇ ਤਾਂ ਉਹਨਾਂ ਨੂੰ ਵਜ਼ੀਰ ਬਣਾਉਂਦਾ ਕੌਣ ਏ – ਲੋਕ – ਤਾਂ ਫੇਰ ਕੀ ਲੋਕ ਚੋਰ ਨਹੀਂ – ਇਸ ਤਰ੍ਹਾਂ ਤੇ ਸਾਰੀ ਦੁਨੀਆ ਚੋਰ ਏ।

*(ਭਾਪਾ ਜੀ ਆਉਂਦੇ ਹਨ।)*

ਭਾਪਾ ਜੀ : ਨਹੀਂ ਬਿੰਦਰ, ਸਾਰੀ ਦੁਨੀਆ ਚੋਰ ਨਹੀਂ, ਕੁਝ ਹੀ ਚੋਰ ਨੇ ਤੇ ਮੈਂ ਉਹਨਾਂ ਨੂੰ ਹੀ ਚੋਰ ਆਖਿਆ ਏ।

ਬੀਜੀ : ਪਰ ਤੁਸੀਂ ਗਏ ਕਿਧਰ ਸੀ ?

ਭਾਪਾ ਜੀ : ਬਦਰੀ ਨਾਥ ਦਾ ਸੁਨਿਹਾ ਆਇਆ ਸੀ।

ਬੀਜੀ : ਬਦਰੀ ਨਾਥ ਦਾ ? ਕੀ ਉਹ ਇਥੇ ਆਇਆ ਹੋਇਆ ਏ ? ਤੁਹਾਨੂੰ ਕਦੋਂ ਸੁਨਿਹਾ ਆਇਆ ? ਤੁਸੀਂ ਦੱਸਿਆ ਕਿ ਨਾ ?

ਭਾਪਾ ਜੀ : ਤੈਨੂੰ ਕੀ ਦਸਦਾ ? ਇਹ ਸੁਨਿਹਾ ਇਕ ਨਾ ਇਕ ਦਿਨ ਆਉਣਾ ਹੀ ਸੀ।

ਬਿੰਦਰ : ਹਾਂ ਬੀਜੀ ਉਹ ਤਾਂ ਆਉਣਾ ਹੀ ਸੀ, ਕਿਹੜੀ ਘਟਨਾ ਏ, ਜਿਹੜੀ ਭਾਪਾ ਜੀ ਨੇ ਬਗੈਰ ਬਿਆਨ ਦੇਣ ਤੋਂ ਲੰਘਣ ਦਿੱਤੀ ਏ, ਜੇ ਬਾਰਡਰ ਨੇੜੇ ਦਾਉਕੇ ਪਿੰਡ ਕੋਈ ਪੁਲਸ ਵੱਲੋਂ ਸਮਗਲਰਾਂ ਦੇ ਵਿਰੁੱਧ ਕੋਈ ਜ਼ਿਆਦਤੀ ਹੋਵੇ ਤਾਂ ਭਾਪਾ ਜੀ ਦਾ ਬਿਆਨ ਸਾਰਿਆਂ ਨਾਲੋਂ ਅਗੇ – ਹੋਰ ਤਾਂ ਹੋਰ ਇਕ ਪੜਤਾਲੀਆ ਕਮੇਟੀ ਨਾਲ ਉਥੇ ਜਾ ਪੁੱਜੇ

ਤੇ ਪੁਲਸ ਵਾਲਿਆਂ ਦੇ ਵਿਰੁੱਧ ਪੈਂਫਲਿਟ ਛਾਪ ਦਿੱਤਾ – ਨਕੋਦਰ ਥਾਣੇ ਪੁਲਿਸ ਦੀ ਮੁਜ਼ਮੱਤ ਕਰਦੇ ਬਿਆਨ ਵਿਚ ਸਾਰਿਆਂ ਤੋਂ ਅਗੇ।

ਭਾਪਾ ਜੀ : ਏਨਾ ਕੁਝ ਗਲਤ ਹੋ ਰਿਹਾ ਏ, ਹੁਣ ਬਿਆਨ ਵੀ ਨਾ ਦੇਵਾਂ – ਕਰਨਾ ਤਾਂ ਹਾਲੇ ਕੀ ਏ ?

ਬੀਜੀ : ਪਰ ਅਸੀਂ ਕਰ ਵੀ ਕੀ ਸਕਦੇ ਹਾਂ ?

ਭਾਪਾ ਜੀ : ਬਸ ਹਰ ਪਾਸੇ ਹੀ ਇਹੋ ਸਵਾਲ ਏ ਕਿ ਅਸੀਂ ਕੀ ਕਰ ਸਕਨੇ ਹਾਂ – ਕੌਣ ਕਰੇਗਾ ? ਹਾਂ ਹਾਂ ਕੌਣ ਕਰੇਗਾ ? ਕੌਣ ਆਵਾਜ਼ ਉਠਾਏਗਾ ? ਕੌਣ ਅਗੇ ਆਵੇਗਾ ? ਹਾਂ ਇਹੀ ਸਵਾਲ ਮੈਂ ਉਸ ਬਦਰੀ ਨਾਥ ਅਗੇ ਕੀਤਾ ਸੀ।

ਮਾਂ : ਬਦਰੀ ਨਾਥ ਅਗੇ ?

ਭਾਪਾ ਜੀ : ਹਾਂ ਬਦਰੀ ਨਾਥ ਅਗੇ ਜਿਹੜਾ ਹੁਣ ਵਜ਼ੀਰ ਬਣਿਆ ਫਿਰਦਾ ਏ। ਤਾਂ ਉਹਨੇ ਪਤਾ ਈ ਕੀ ਜਵਾਬ ਦਿੱਤਾ ?

ਬੀਜੀ : ਕੀ ਜਵਾਬ ਦਿੱਤਾ ?

ਭਾਪਾ ਜੀ : ਢੀਠਾਂ ਵਾਕੁਨ ਹੱਸਣ ਲਗ ਪਿਆ, ਕਹਿਣ ਲਗਾ ਕਿ ਜਿੰਨਾਂ ਨੇ ਅਗੇ ਆਉਣਾ ਸੀ, ਉਹ ਤਾਂ ਝੂਠੇ ਤਾਮਰ ਪਤ੍ਰ ਬਣਵਾਕੇ ਸਰਕਾਰ ਕੋਲੋਂ ਪੈਨਸ਼ਨਾਂ ਖਾ ਰਹੇ ਨੇ – ਹਾਂ ਉਹਨੇ ਮੇਰੇ ਮੂੰਹ 'ਤੇ ਚਪੇੜ ਮਾਰੀ – ਉਹਨੇ ਜਿਨੂੰ ਨਲੀ ਪੂੰਝਣੀ ਨਹੀਂ ਸੀ ਆਂਦੀ – ਸਕੂਲ ਵਿਚ ਹਰ ਇਕ ਸਵਾਲ ਮੇਰੇ ਕੋਲੋਂ ਪੁੱਛਕੇ ਕਰਦਾ ਸੀ। ਮਾਸਟਰ ਮਸਤ ਰਾਮ ਦੇ ਅਗੇ ਉਹਦਾ ਪਜਾਮਾ ਗਿਲਾ ਹੋ ਜਾਂਦਾ ਸੀ ਤੇ ਉਹਨੇ ਮੈਨੂੰ ਇਹ ਕਿਹਾ – ਮੇਰੇ ਮੂੰਹ 'ਤੇ ਕਿਹਾ ਤੇ ਮੈਂ ਉਹ ਤਾਮਰ ਪਤ੍ਰ ਉਹਦੇ ਮੂੰਹ 'ਤੇ ਮਾਰਿਆ...

ਬੀਜੀ : ਤਾਮਰ ਪਤ੍ਰ ? ਪਰ ਕੀ ਉਹ ਤੁਸੀਂ ਨਾਲ ਲੈ ਗਏ ਸੀ ?

ਭਾਪਾ ਜੀ : ਹਾਂ ਮੈਂ ਨਾਲ ਲੈ ਗਿਆ ਸਾਂ, ਮੈਨੂੰ ਪਤਾ ਸੀ ਕਿ ਮੈਨੂੰ ਉਹ ਉਹਦੇ ਮੂੰਹ 'ਤੇ ਮਾਰਨਾ ਪੈਣਾ ਏ। ਤਾਮਰ ਪਤ੍ਰ ਜਿਹਦਾ ਜ਼ਹਿਰ ਮੈਨੂੰ ਚੜ੍ਹ ਰਿਹਾ ਸੀ, ਮੇਰੇ ਪੁੱਤਰ ਨੂੰ ਚੜ੍ਹ ਰਿਹਾ ਸੀ, ਮੇਰੇ ਪੁੱਤਰ ਦੀ ਮਾਂ ਨੂੰ ਚੜ੍ਹ ਰਿਹਾ ਸੀ – ਮੈਂ ਉਹਦੇ ਮੂੰਹ 'ਤੇ ਮਾਰਿਆ ? ਹਾਂ ਮੈਂ ਉਹਦੇ ਮੂੰਹ 'ਤੇ ਮਾਰਿਆ।

ਅਵਤਾਰ : ਕੀ ਹੋਇਆ ਭਾਈ ਸਾਹਿਬ ?

ਭਾਪਾ ਜੀ : (ਸੰਭਲਕੇ) ਕੁਝ ਨਹੀਂ ਅਵਤਾਰ – ਤੂੰ ਆ ਗਿਆ ਏਂ, ਬੜੇ ਸਮੇਂ ਸਿਰ ਆਇਆ ਏਂ – ਤੂੰ ਹਮੇਸ਼ਾਂ ਹੀ ਸਮੇਂ ਸਿਰ ਆਉਂਦਾ ਏ – ਮੈਂ ਉਹ ਤਾਮਰ ਪਤ੍ਰ ਫਾੜ ਆਇਆ ਹਾਂ, ਮੈਂ ਉਹ ਪੈਨਸ਼ਨ ਦੇ ਕਾਗਜ਼

ਸਾੜ ਦਿੱਤੇ ਨੇ ਜੋ ਝੂਠੇ ਸਨ, ਜਿੰਨਾ ਬਾਰੇ ਤੂੰ ਹਮੇਸ਼ਾਂ ਟਿਚਕਰ ਕਰਦਾ ਸੀ।

ਅਵਤਾਰ : (ਹੈਰਾਨ ਹੋਕੇ) ਕੀ ਕਹਿੰਦੇ ਹੋ ਭਾਈ ਸਾਹਿਬ, ਉਹ ਝੂਠੇ ਸਨ ? ਮੈਂ ਸਮਝਿਆ ਨਹੀਂ, ਮੈਂ ਕਦੋਂ ਟਿਚਕਰ ਕੀਤੀ ਸੀ ?

ਭਾਪਾ ਜੀ : ਹਾਂ ਝੂਠੇ ਸਨ – ਸਭ ਝੂਠ ਸੀ – ਮੈਂ ਕਦੀ ਵੀ ਬਲਦੀ ਮੋਮਬੱਤੀ 'ਤੇ ਹੱਥ ਰੱਖਕੇ ਕਸਮ ਨਹੀਂ ਸੀ ਖਾਧੀ ਕਿ ਮੈਂ ਦੇਸ਼ ਲਈ ਆਪਣੇ ਖ਼ੂਨ ਦਾ ਆਖਰੀ ਤੁਪਕਾ ਵੀ ਵਾਰ ਦੇਵਾਂਗਾ, ਪਰ ਅੱਜ ਮੈਂ ਮੋਮਬੱਤੀ 'ਤੇ ਹੱਥ ਰੱਖ ਆਇਆ ਹਾਂ, ਲੱਟ ਲੱਟ ਬਲਦੀ ਮੋਮਬੱਤੀ 'ਤੇ – ਇਹ ਸੱਚ ਏ ਅਵਤਾਰ, ਹੁਣ ਤੂੰ ਕਦੀ ਟਿਚਕਰ ਨਹੀਂ ਕਰੇਂਗਾ।

ਅਵਤਾਰ : (ਹੋਰ ਵੀ ਹੈਰਾਨੀ ਨਾਲ) ਪਰ ਸੱਚ ਮੰਨੋ ਭਾਈ ਸਾਹਿਬ ਮੈਂ ਅਗੇ ਵੀ ਕਦੀ ਟਿਚਕਰ ਨਹੀਂ ਕੀਤੀ ਸੀ, ਮੈਨੂੰ ਕਦੀ ਖਾਬੋ ਖਿਆਲ ਵੀ ਨਹੀਂ ਸੀ ਕਿ ਤੁਸੀਂ ਦੇਸ਼ ਭਗਤ ਨਹੀਂ, ਜਿਸ ਬਾਰੇ ਲੋਕ ਤੁਹਾਡਾ ਸਤਿਕਾਰ ਕਰਦੇ ਨੇ – ਮੈਨੂੰ ਤਾਂ ਹਮੇਸ਼ਾਂ ਇਹ ਯਕੀਨ ਰਿਹਾ ਹੈ ਕਿ ਤੁਹਾਡੇ ਤੋਂ ਵੱਡਾ ਦੇਸ਼ ਭਗਤ ਕੋਈ ਹੋਰ ਨਹੀਂ ਹੋ ਸਕਦਾ।

ਭਾਪਾ ਜੀ : ਸੱਚ ਕਹਿਨੈ ?

ਅਵਤਾਰ : ਤੁਹਾਨੂੰ ਯਕੀਨ ਕਿਉਂ ਨਹੀਂ ਆਂਦਾ...

ਭਾਪਾ ਜੀ : ਤੇ ਸੁਣ ਉਹ ਜਵਾਹਰ ਲਾਲ ਨਹਿਰੂ ਜੀ ਨੇ ਮੇਰੇ ਘਰ ਕੋਈ ਨਹੀਂ ਸੀ ਖਾਣਾ ਖਾਧਾ – ਉਹ ਸਭ ਮਨਘੜਤ ਗੱਲ ਸੀ – ਪਰ ਤੈਨੂੰ ਕੀ ਦਸਣਾ ਹੋਇਆ – ਤੈਨੂੰ ਤਾਂ ਪਹਿਲੇ ਹੀ ਪਤਾ ਸੀ, ਤਾਹੀਓਂ ਤਾਂ ਭਾਬੀ ਆਪਣੀ ਕੋਲੋਂ ਹਰ ਵੇਲੇ ਖੀਰ ਮੰਗਦਾ ਸੀ।

ਅਵਤਾਰ : ਨਹੀਂ ਭਾਈ ਸਾਹਿਬ, ਯਕੀਨ ਮੰਨੋ – ਮੈਂ ਤਾਂ ਸੱਚੀ ਮੁੱਚੀ ਭਾਬੀ ਦੇ ਹੱਥ ਦੀ ਬਣੀ ਹੋਈ ਖੀਰ ਖਾਣ ਦਾ ਚਾਹਵਾਨ ਸਾਂ ਜੋ ਕਿਸੇ ਵੇਲੇ ਜਵਾਹਰ ਲਾਲ ਜੀ ਨੇ ਖਾਧੀ ਸੀ।

*(ਭਾਬੀ ਖੀਰ ਲਿਆਂਦੀ ਏ।)*

ਅਵਤਾਰ : ਭਾਬੀ ਇਹ ਕੀ ?

ਬੀਜੀ : ਖੀਰ।

ਅਵਤਾਰ : ਖੀਰ ?

ਭਾਪਾ ਜੀ : ਹਾਂ ਖੀਰ, ਖਾ ਲੈ ਅਵਤਾਰ ਅੱਜ ਦੀ ਰਾਤ ਸਾਡੇ ਘਰ ਜਸ਼ਨਾਂ ਦੀ ਰਾਤ ਏ – ਅੱਜ ਸਭ ਭਾਰ ਲੱਥ ਗਏ ਨੇ।

*(ਮੇਜ 'ਤੇ ਬਹੁਤ ਸਾਰੀਆਂ ਕਿਤਾਬਾਂ ਤੇ ਹੋਰ ਕਾਗਜ਼ ਚੁਕਦਾ ਹੈ ਤੇ ਆਪਣੇ ਆਪਣੇ ਅੱਡੇ 'ਤੇ ਬਹਿ ਜਾਂਦਾ ਹੈ।)*

ਭਾਪਾ ਜੀ : ਬਿੰਦਰ ਪੁੱਤਰ ਉਥੋਂ ਕੈਂਚੀ ਫੜਾਈਂ।

*(ਬਿੰਦਰ ਕੈਂਚੀ ਫੜਦਾ ਏ।)*

ਅਵਤਾਰ : ਭਾਈ ਸਾਹਿਬ ਇਹ ਕਿਤਾਬਾਂ ?

ਭਾਪਾ ਜੀ : ਲਾਇਬ੍ਰੇਰੀ ਤੋਂ ਲਿਆਇਆ ਸਾਂ, ਜਿਲਦ ਕਰਨ ਲਈ – ਏਨੇਂ ਦਿਨ ਵਕਤ ਹੀ ਨਹੀਂ ਮਿਲਿਆ – ਦੇਸ਼ ਭਗਤਾਂ ਦੀਆਂ ਜੀਵਨੀਆਂ ਨੇ – ਸਮੇਂ ਦੀ ਮਾਰ ਨੇ ਉਹਨਾਂ ਨੂੰ ਵਰਕਾ ਵਰਕਾ ਕਰ ਦਿੱਤਾ ਏ – ਤੂੰ ਵੀ ਬਹਿਜਾ ਮੇਰੇ ਕੋਲ, ਇਹਨਾਂ ਨੂੰ ਜੋੜਕੇ ਜਿਲਦ ਕਰ ਦੇਈਏ “‘ਦੇਸ਼ ਦਾ ਸਮਾਜ ਦਾ ਸਾਡੇ ’ਤੇ ਏਨਾਂ ਵੱਡਾ ਕਰਜ਼ਾ ਏ – ਕੁਝ ਤਾਂ ਲਾਹ ਦੇਈਏ – ਆਉਣ ਵਾਲੀਆਂ ਪੀੜੀਆਂ ਲਈ ਏਨਾਂ ਤਾਂ ਕਰ ਜਾਈਏ’”

*(ਉਸੇ ਪੁਜੀਸ਼ਨ ਵਿਚ ਸਥਿਰ ਹੋ ਜਾਂਦ ਹੈ ਤਾਂ ਹੌਲੇ ਹੌਲੇ ਫੇਡ ਆਊਟ।)*

*(ਸਮਾਪਤ)*